SINCE 1972

# PAMMI

AGRICULTURAL EQUIPMENTS

## PARTS CATALOGUE




AN ISO 9001 : 2015 CERTIFIED COMPANY

PAMMI
# DSR ZERO DRILL

SINCE 1972

PAMMI

AGRICULTURAL EQUIPMENTS


## BIR SINGH & SONS

Chandigarh Road, Samrala, Distt. Ludhiana 141114
Ph.: 01628-262316, Mob : 98553-40057, 99149-05757
E-mail : birsinghandsons@yahoo.in

BIR SINGH & SONS

PAMMI AGRICULTURAL EQUIPMENTS

## OUR PRODUCT GALLERY

- Rotavator
- Happy Seeder
- Zero Till Seed Cum Fertilizer Drill
- Seed Cum Fertilizer Drill
- Multi Crop Planter
- Paddy Thresher
- Multi Crop Thresher
- Ridge/Bed Planter
- Roto Seeder
- Sub Soiler
- D.S.R
- Disc Harrow
- Disc Zinda
- Maize Dehusker

Note :Lubricate all points show on Pistoli also ensure to greese the machine fully at the start of the season.

**ਨੋਟ : ਪਿਸਤੋਲੀ ਉੱਤੇ ਵਿਖਾਏ ਗਏ ਪੁਆਇੰਟ ਨੂੰ ਹਰ ਰੋਜ਼ ਤੇਲ ਦਿਓ ਅਤੇ ਸੀਜ਼ਨ ਤੋਂ ਪਹਿਲਾਂ ਇੱਕ ਵਾਰ ਮਸ਼ੀਨ ਨੂੰ ਗ੍ਰੀਸ ਜ਼ਰੂਰ ਕਰੋ।**



’ਤਰ ਵੱਤਰ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ-ਲੇਬਰ ਦੀ ਸਮੱਸਿਆ ਦੇ ਹੱਲ ਲਈ ਕਿਸਾਨਾਂ ਨੂੰ ਡਰਿੱਲ ਨਾਲ ਝੋਨੇ ਦੀ ਸਿੱਧੀ ਬਿਜਾਈ ਦੀ ਵਿਧੀ ਨੂੰ ਅਪਨਾਉਣ ਦੀ ਜਰੂਰਤ ਹੈ। ਝੋਨੇ ਦੀ ਸਿੱਧੀ ਬਿਜਾਈ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿਚ ਵੀ ਸਹਾਈ ਹੋ ਸਕਦੀ ਹੈ। ਸਿੱਧੀ ਬਿਜਾਈ ਨਾਲ ਬੀਜੀ ਝੋਨੇ ਦੀ ਫਸਲ ਕੱਦੂ ਕੀਤੇ ਝੋਨੇ ਦੀ ਫਸਲ ਨਾਲੋਂ 7-10 ਦਿਨ ਪਹਿਲਾਂ ਪੱਕ ਜਾਂਦੀ ਹੈ ਜਿਸ ਕਰਕੇ ਝੋਨੇ ਦੀ ਪਰਾਲੀ ਸਾਂਭਣ ਅਤੇ ਕਣਕ ਦੀ ਫਸਲ ਬੀਜਣ ਲਈ ਜਿਆਦਾ ਸਮਾਂ ਮਿਲ ਜਾਂਦਾ ਹੈ। ਖੇਤ ਤਜਰਬੇ ਅਤੇ ਕਿਸਾਨਾਂ ਦੇ ਖੇਤਾਂ ਦੇ ਸਰਵੇਖਣ ਦੱਸਦੇ ਹਨ ਕਿ ਸਿੱਧੀ ਬਿਜਾਈ ਵਾਲੇ ਖੇਤ ਵਿਚ ਕੱਦੂ ਕੀਤੇ ਖੇਤ ਨਾਲੋਂ ਕਣਕ ਦੀ ਫਸਲ ਦਾ ਝਾੜ 1.0-1.2 ਕੁਇੰਟਲ ਪ੍ਰਤੀ ਏਕੜ ਜ਼ਿਆਦਾ ਨਿਕਲਦਾ ਹੈ। ਝੋਨੇ ਦੀ ਸਿੱਧੀ ਬਿਜਾਈ ਦੀ ਸਿਫਾਰਿਸ਼ 2010 ਵਿਚ ਕੱਦੂ ਕਰਕੇ ਖੇਤ ਵਿਚ ਪਨੀਰੀ ਲਗਾਉਣ ਦੀ ਤਕਨੀਕ ਦੇ ਬਦਲ ਵੱਜੋਂ ਕੀਤੀ ਗਈ ਸੀ। ਇਸ ਵਿਧੀ ਨਾਲ ਪਾਣੀ ਅਤੇ ਲੇਬਰ ਦੀ ਬੱਚਤ ਹੁੰਦੀ ਹੈ। ਸਿੱਧੀ ਬਿਜਾਈ ਦੀ ਮੌਜੂਦਾ ਤਕਨੀਕ ਨੂੰ ਹੋਰ ਚੰਗੇਰਾ ਬਨਾਉਣ ਲਈ 2015 ਤੋਂ ਖੋਜ ਸ਼ੁਰੂ ਕੀਤੀ ਗਈ ਜਿਸ ਉਪਰੰਤ ਸਿੱਧੀ ਬਿਜਾਈ ਦੀ ਨਵੀਂ ਤਕਨੀਕ ’ਤਰ ਵੱਤਰ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਵਿਕਸਿਤ ਕਰਕੇ ਸਿਫਾਰਿਸ਼ ਕੀਤੀ ਗਈ ਹੈ ਜਿਸ ਨੂੰ ਇਕ ਵੱਡੇ ਪੱਧਰ ਤੇ ਕਿਸਾਨਾਂ ਦੇ ਖੇਤਾਂ ਵਿਚ ਸਫਲਤਾ ਪੂਰਵਕ ਟੈਸਟ ਕੀਤਾ ਜਾ ਚੁੱਕਿਆ ਹੈ। ਸਿੱਧੀ ਬਿਜਾਈ ਦੀ ਇਹ ਨਵੀਂ ਤਕਨੀਕ ਮੌਜੂਦਾ ਤਕਨੀਕ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਸਮਰੱਥਾ ਰੱਖਦੀ ਹੈ।ਝੋਨੇ ਦੀ ਸਿੱਧੀ ਬਿਜਾਈ ਦੀ ਇਸ ਨਵੀਂ ਤਕਨੀਕ ਵਿਚ ਖੇਤ ਨੂੰ ਲੇਜ਼ਰ ਲੈਵਲ ਕਰਕੇ ਰੌਣੀ ਕੀਤੀ ਜਾਂਦੀ ਹੈ। ਜਦੋਂ ਖੇਤ ’ਤਰ-ਵੱਤਰ ਤੇ ਆ ਜਾਵੇ (ਯਾਨਿ ਕਿ ਟਰੈਕਟਰ ਦੀਆਂ ਗੁੱਡੀਆਂ ਖੇਤ ਵਿਚ ਖੁੱਭਦੀਆਂ ਹੋਣ) ਤਾਂ ਦੋ ਵਾਰ ਹੱਲਾਂ ਨਾਲ ਵਾਹ ਕੇ ਤੇ ਦੋ ਵਾਰੀ ਸੁਹਾਗਾ ਮਾਰ ਕੇ ਖੇਤ ਤਿਆਰ ਕੀਤਾ ਜਾਂਦਾ ਹੈ। ਖੇਤ ਤਿਆਰ ਕਰਨ ਦੇ ਤੁਰੰਤ ਬਾਅਦ ਡਰਿੱਲ ਨਾਲ ਸਿੱਧੀ ਬਿਜਾਈ ਕਰ ਦਿੱਤੀ ਜਾਂਦੀ ਹੈ। ਬਿਜਾਈ ਲਈ ‘ਪੰਮੀ DSR’ ਜੋ ਕਿ ਬਿਜਾਈ ਅਤੇ ਨਦੀਨਨਾਸ਼ਕ ਦੀ ਸਪ੍ਰੇ ਨਾਲੋਂ-ਨਾਲ ਕਰਦੀ ਹੈ, ਦੀ ਵਰਤੋਂ ਜਿਆਦਾ ਲਾਹੇਵੰਦ ਹੈ।

ਨਵੀਂ ਤਕਨੀਕ ਦੀ ਵਿੱਲਖਣਤਾ ਇਹ ਹੈ ਕਿ ਪਹਿਲਾ ਪਾਣੀ ਬਿਜਾਈ ਤੋਂ 21 ਦਿਨ ਬਾਅਦ ਲਾਉਣਾ ਹੈ, ਬਾਅਦ ਵਾਲੇ ਪਾਣੀ ਜ਼ਮੀਨ ਦੀ ਕਿਸਮ ਅਤੇ ਮੌਨਸੂਨ ਵਰਖਾ ਦੇ ਅਨੁਸਾਰ ਲਾਏ ਜਾਂਦੇ ਹਨ। ਸਿੱਧੀ ਬਿਜਾਈ ਦੀ ਨਵੀਂ ਵਿਧੀ ਦੇ ਪ੍ਰਚਲਿੱਤ ਵਿਧੀ ਨਾਲ ਹੇਠ ਲਿਖੇ ਫਾਇਦੇ ਹਨ:

1) ਪਾਣੀ ਦੀ ਜ਼ਿਆਦਾ ਬੱਚਤ।
2) ਨਦੀਨਾਂ ਦੀ ਘੱਟ ਸਮੱਸਿਆ।
3) ਜੜ੍ਹਾਂ ਡੂੰਘੀਆਂ ਜਾਣ ਕਰਕੇ ਖੁਰਾਕੀ ਤੱਤਾਂ ਖਾਸ ਕਰਕੇ ਲੋਹੇ ਦੀ ਸਮੱਸਿਆ ਬਹੁਤ ਘੱਟ ਆਉਣਾ।
4) ਸੂਬੇ ਦੇ 87% ਰਕਬੇ ਵਿਚ ਬਿਜਾਈ ਲਈ ਅਨੁਕੂਲ।
5) ਝਾੜ ਕੱਦੂ ਕੀਤੇ ਝੋਨੇ ਦੇ ਬਰਾਬਰ। ਜੇ ਕਿਤੇ ਝਾੜ ਘੱਟ ਵੀ ਜਾਵੇ ਤਾਂ ਮੁਨਾਫਾ ਨਹੀਂ ਘੱਟਦਾ।

’ਤਰ ਵੱਤਰ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਦੀ ਪੂਰਨ ਸਫਲਤਾ ਲਈ ਹੇਠ ਲਿਖੀਆਂ ਉਤਪਾਦਨ ਤਕਨੀਕਾਂ ਨੂੰ ਅਪਨਾਉਣ ਦੀ ਜ਼ਰੂਰਤ ਹੈ।

## ਢੁੱਕਵੀਆਂ ਜ਼ਮੀਨਾਂ:

ਝੋਨੇ ਦੀ ਸਿੱਧੀ ਬਿਜਾਈ ਦੀ ਸਿਫਾਰਿਸ਼ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ (ਰੇਤਲੀ ਮੈਰਾ, ਮੈਰਾ, ਚੀਕਣੀ ਮੈਰਾ, ਭੱਲਵਾਲੀ ਮੈਰਾ) ਵਿਚ ਕੀਤੀ ਜਾਂਦੀ ਹੈ। ਜੋ ਕਿ ਪੰਜਾਬ ਵਿਚ 87 ਪ੍ਰਤੀਸ਼ਤ ਹਿੱਸੇ ਵਿਚ ਪਾਈਆਂ ਜਾਂਦੀਆਂ ਹਨ। ਝੋਨੇ ਦੀ ਸਿੱਧੀ ਬਿਜਾਈ ਹਲਕੀਆਂ ਜ਼ਮੀਨਾਂ (ਰੇਤਲੀ, ਮੈਰਾ ਰੇਤਲੀ) ਵਿਚ ਨਹੀਂ ਕਰਨੀ ਚਾਹੀਦੀ ਕਿਉਂਕਿ ਇੱਥੇ ਲੋਹੇ ਦੀ ਬਹੁਤ ਘਾਟ, ਘੱਟ ਪੌਦਾ ਘਣਤਾ ਅਤੇ ਨਦੀਨਾਂ ਦੀ ਜ਼ਿਆਦਾ ਸਮੱਸਿਆ ਆ ਜਾਂਦੀ ਹੈ। ਜਿਹੜੇ ਖੇਤਾਂ ਵਿਚ ਪਿਛਲੇ ਸਾਲਾਂ ਵਿਚ ਝੋਨੇ ਦੀ ਬਜਾਏ ਕੋਈ ਹੋਰ ਫਸਲ (ਜਿਵੇਂ ਕਿ ਕਪਾਹ/ਨਰਮਾ, ਮੱਕੀ, ਕਮਾਦ) ਲਗਾਈ ਹੋਵੇ, ਉਥੇ ਝੋਨੇ ਦੀ ਸਿੱਧੀ ਬਿਜਾਈ ਨਾ ਕਰੋ ਕਿਉਂਕਿ ਇਹੋ ਜਿਹੇ ਖੇਤਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਨ ਤੇ ਲੋਹ ਤੱਤਾਂ ਦੀ ਬਹੁਤ ਘਾਟ ਆ ਜਾਂਦੀ ਹੈ ਅਤੇ ਨਦੀਨਾਂ ਦੀ ਸਮੱਸਿਆ ਜ਼ਿਆਦਾ ਹੁੰਦੀ ਹੈ।

## ਬਿਜਾਈ ਦਾ ਸਮਾਂ:

ਪਰਮਲ ਝੋਨੇ ਦੀ ਸਿੱਧੀ ਬਿਜਾਈ ਲਈ ਜੂਨ ਦਾ ਪਹਿਲਾ ਪੰਦਰਵਾੜਾ (1-15 ਜੂਨ) ਅਤੇ ਬਾਸਮਤੀ ਝੋਨੇ ਦੀ ਸਿੱਧੀ ਬਿਜਾਈ ਲਈ ਜੂਨ ਦਾ ਦੂਜਾ ਪੰਦਰਵਾੜਾ (15-30 ਜੂਨ) ਢੁੱਕਵਾ ਸਮਾਂ ਹੈ। ਜੂਨ ਮਹੀਨੇ ਤੋਂ ਪਹਿਲਾਂ, ਅਗੇਤੀ ਬਿਜਾਈ ਕਰਨ ਤੇ ਇਕ ਤਾਂ ਪਾਣੀ ਦੀ ਖਪਤ ਬਹੁਤ ਵੱਧ ਹੁੰਦੀ ਹੈ ਕਿਉਂਕਿ ਉਸ ਸਮੇਂ ਵਾਤਾਵਰਣ ਗਰਮ ਹੋਣ ਕਾਰਨ ਬਹੁਤ ਜ਼ਿਆਦਾ ਵਾਸ਼ਪੀਕਰਨ ਹੁੰਦਾ ਹੈ ਅਤੇ ਦੂਸਰਾ ਨਦੀਨਾਂ ਦੀ ਸਮੱਸਿਆ ਵੀ ਜ਼ਿਆਦਾ ਹੁੰਦੀ ਹੈ।

## ਢੁੱਕਵੀਆਂ ਕਿਸਮਾਂ:

ਝੋਨੇ ਦੀ ਸਿੱਧੀ ਬਿਜਾਈ ਲਈ ਘੱਟ ਸਮੇਂ ਵਿਚ ਅਤੇ ਦਰਮਿਆਨੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜ਼ਿਆਦਾ ਢੁੱਕਵੀਆਂ ਹਨ। ਝੋਨੇ ਦੀਆਂ ਇਹ ਕਿਸਮਾਂ, ਲੰਬੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਨਾਲੋਂ, 1) ਤੇਜ਼ੀ ਨਾਲ ਵਧਦੀਆਂ ਹਨ ਅਤੇ ਨਦੀਨਾਂ ਨੂੰ ਕਾਬੂ ਹੇਠ ਰੱਖਦੀਆਂ ਹਨ। 2) ਪਾਣੀ ਦੀ ਖਪਤ ਘੱਟ ਹੁੰਦੀ ਹੈ। 3) ਛੇਤੀ ਪੱਕਣ ਕਰਕੇ ਕਣਕ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ। 4) ਪਰਾਲੀ ਘੱਟ ਹੋਣ ਕਰਕੇ ਸੰਭਾਲ ਕਰਨੀ ਸੌਖੀ ਹੈ।

'ਚੋਭੇ/ਰਲੇ' ਦੀ ਸਮੱਸਿਆ ਦੇ ਢੁੱਕਵੇਂ ਹੱਲ ਲਈ ਪਿਛਲੇ ਸਾਲ ਬੀਜੀ ਗਈ ਕਿਸਮ ਦੀ ਹੀ ਕਾਸ਼ਤ ਕਰੋ। ਜੇਕਰ ਕਿਸਮ ਦੀ ਬਦਲੀ ਕਰਨੀ ਹੋਵੇ, ਤਾਂ ਖਾਸ ਕਰਕੇ ਉਨ੍ਹਾਂ ਖੇਤਾਂ ਵਿਚ ਜਿੱਥੇ ਝੋਨਾ ਬੀਜ ਪੈਦਾ ਕਰਨ ਲਈ ਕਾਸ਼ਤ ਕੀਤਾ ਹੈ, ਪਿਛਲੇ ਸਾਲ ਅਤੇ ਇਸ ਸਾਲ ਦੀ ਕਿਸਮ ਦੇ ਪੱਕਣ ਦੇ ਸਮੇਂ ਵਿਚ ਬਹੁਤ ਫਰਕ ਹੈ ਜਾਂ ਪਰਮਲ ਤੋਂ ਬਾਸਮਤੀ ਜਾਂ ਬਾਸਮਤੀ ਤੋਂ ਪਰਮਲ ਕਿਸਮ ਬਦਲੀ ਹੈ, ਤਾਂ ਸਿੱਧੀ ਬਿਜਾਈ ਲਈ ਦੂਹਰੀ ਰੌਣੀ ਕਰੋ। ਦੂਹਰੀ ਰੌਣੀ ਕਰਨ ਨਾਲ ਖੇਤ ਵਿਚ ਪਏ ਪਿਛਲੇ ਸਾਲ ਦੇ ਝੋਨੇ ਦੇ ਬੀਜ ਉੱਗ ਪੈਂਦੇ ਹਨ ਅਤੇ ਖੇਤ ਦੀ ਤਿਆਰੀ ਕਰਨ ਸਮੇਂ ਨਸ਼ਟ ਹੋ ਜਾਂਦੇ ਹਨ।

## ਬੀਜ ਦੀ ਮਾਤਰਾ ਅਤੇ ਸੋਧ:

ਇਕ ਏਕੜ ਵਿਚ ਝੋਨੇ ਦੀ ਸਿੱਧੀ ਬਿਜਾਈ ਲਈ 8-10 ਕਿਲੋ ਬੀਜ ਵਰਤੋ। ਬੀਜ ਨੂੰ ਬੀਜਣ ਤੋਂ ਪਹਿਲਾਂ 8 ਘੰਟੇ (ਵੱਧ ਤੋਂ ਵੱਧ 12 ਘੰਟੇ) ਪਾਣੀ ਵਿਚ ਭਿਓਂ ਕੇ ਰੱਖੋ ਅਤੇ ਫਿਰ ਬਾਹਰ ਕੱਢ ਕੇ ਅੱਧੇ ਘੰਟੇ ਲਈ ਛਾਵੇਂ ਸੁਕਾ ਲਵੋ। ਸੁਕਾਉਣ ਤੋਂ ਬਾਅਦ ਬੀਜ ਨੂੰ 3 ਗ੍ਰਾਮ ਸਪਰਿੰਟ 75 ਤਾਕਤ (ਮੈਨਕੋਜੈਬ + ਕਾਰਬੈਂਡਾਜਿਮ) ਨੂੰ 10-12 ਮਿਲੀਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਲੇਪ ਬਣਾ ਕੇ ਬੀਜ ਨੂੰ ਲਗਾ ਦਿਓ। ਭਿਓਂ ਕੇ ਬੀਜਣ ਨਾਲ ਬੀਜ ਦਾ ਪੁੰਗਾਰਾ ਛੇਤੀ ਹੁੰਦਾ ਹੈ, ਬੀਜ ਦੀ ਸੋਧ ਕਰਨ ਨਾਲ ਬੀਜ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਘਟਾਉਣ ਵਿਚ ਮਦਦ ਮਿਲਦੀ ਹੈ ਅਤੇ ਬੀਜ ਦਾ



ਪੁੰਗਾਰਾ ਵਧੀਆ ਹੁੰਦਾ ਹੈ।

## ਲੇਜ਼ਰ ਕਰਾਹੇ ਦੀ ਵਰਤੋਂ ਅਤੇ ਖੇਤ ਦੀ ਤਿਆਰੀ:

ਪਾਣੀ ਦੀ ਸਹੀ ਸੰਜਮਤਾ ਨਾਲ ਵਰਤੋਂ, ਝੋਨੇ ਦੇ ਬੀਜਾਂ ਦੇ ਸਹੀ ਪੁੰਗਾਰੇ ਅਤੇ ਪਾਣੀ ਖੜ੍ਹਾ ਹੋਣ ਦੀ ਸੂਰਤ ਵਿਚ ਝੋਨੇ ਦੇ ਉੱਗ ਰਹੇ ਬੂਟਿਆਂ ਨੂੰ ਆੱਕਸੀਜਨ ਦੀ ਘਾਟ ਤੋਂ ਬਚਾਉਣ ਲਈ ਲੇਜਰ ਕਰਾਹੇ ਦੀ ਵਰਤੋਂ ਨਾਲ ਖੇਤ ਨੂੰ ਪੱਧਰਾ ਕਰਨਾ ਬਹੁਤ ਜ਼ਰੂਰੀ ਹੈ। ਪੱਧਰਾ ਕਰਨ ਤੋਂ ਬਾਅਦ ਖੇਤ ਨੂੰ ਰੌਣੀ ਕਰ ਦਿਓ। ਜਦੋਂ ਖੇਤ 'ਤਰ ਵੱਤਰ ਹਾਲਤ ਵਿਚ ਆ ਜਾਵੇ ਤਾਂ (ਯਾਨਿ ਕਿ ਖੇਤ ਵਿਚ ਟਰੈਕਟਰ ਦੀਆਂ ਗੁੱਡੀਆਂ ਥੋੜਾ ਖੁੱਭਦੀਆਂ ਹੋਣ) ਤਾਂ ਦੋ ਵਾਰੀ ਹੱਲਾਂ ਨਾਲ ਵਾਹੁਣ ਤੋਂ ਬਾਅਦ ਦੋ ਵਾਰੀ ਸੁਹਾਗਾ ਫੇਰ ਕੇ ਤੁਰੰਤ ਬਿਜਾਈ ਕਰ ਦਿਓ।

## ਬਿਜਾਈ ਦਾ ਢੰਗ:

ਖੇਤ ਤਿਆਰ ਕਰਨ ਤੋਂ ਤੁਰੰਤ ਬਾਅਦ, 'ਤਰ ਵੱਤਰ ਹਾਲਤ ਵਿਚ ਝੋਨੇ ਦੀ ਬਿਜਾਈ ਕਰੋ। ਬਿਜਾਈ ਲਈ 'ਪੰਮੀ DSR' ਜਿਹੜੀ ਕਿ ਝੋਨੇ ਦੀ ਬਿਜਾਈ ਅਤੇ ਨਦੀਨ ਨਾਸ਼ਕ ਦੀ ਸਪਰੇਅ ਨਾਲੋ-ਨਾਲ ਕਰਦੀ ਹੈ, ਦੀ ਵਰਤੋਂ ਨੂੰ ਤਰਜੀਹ ਦਿਓ। ਜੇਕਰ ਇਹ ਮਸ਼ੀਨ ਨਾ ਹੋਵੇ ਤਾਂ ਝੋਨਾ ਬੀਜਣ ਵਾਲੀ ਟੇਢੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਨਾਲ ਬਿਜਾਈ ਕਰ ਦਿਓ ਅਤੇ ਬਿਜਾਈ ਦੇ ਤੁਰੰਤ ਬਾਅਦ ਨਦੀਨ ਨਾਸ਼ਕ ਦਾ ਸਪਰੇਅ ਕਰ ਦਿਓ। ਬਿਜਾਈ 20 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿਚ ਕਰੋ। ਬੀਜ 2.5 ਤੋਂ 3 ਸੈਂਟੀਮੀਟਰ (ਇਕ ਤੋਂ ਸਵਾ ਇੰਚ) ਦੀ ਡੂੰਘਾਈ ਤੇ ਰੱਖੋ। ਕਿਉਂਕਿ ਇਸ ਤੋਂ ਜ਼ਿਆਦਾ ਜਾਂ ਘੱਟ ਡੂੰਘਾਈ ਤੇ ਬੀਜ ਦਾ ਜੰਮ ਘਟ ਜਾਵੇਗਾ।

## ਨਦੀਨਾਂ ਦੀ ਰੋਕਥਾਮ:

ਬਿਜਾਈ ਤੋਂ ਤੁਰੰਤ ਬਾਅਦ ਸਟੌਂਪ/ ਬੰਕਰ 30 ਤਾਕਤ (ਪੈਂਡੀਮੈਥਾਲਿਨ) ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰ ਦਿਓ। ਜੇਕਰ ਲੱਕੀ ਸੀਡ ਡਰਿੱਲ ਵਰਤੀ ਜਾਵੇ ਤਾਂ ਉਸਦੇ ਨਾਲ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਦੇ ਨਾਲੋਂ ਨਾਲ ਹੀ ਹੋ ਜਾਂਦਾ ਹੈ। ਜੇਕਰ ਹੋਰ ਮਸ਼ੀਨ ਵਰਤੀ ਗਈ ਹੋਵੇ ਤਾਂ ਸਪ੍ਰੇ ਕਰਨ ਵਾਲੇ ਬੰਦੇ ਨੂੰ ਮਸ਼ੀਨ ਦੇ ਮਗਰ ਮਗਰ ਤੋਰ ਕੇ ਸਪ੍ਰੇ ਕਰ ਦਿਓ। ਇਹ ਨਦੀਨ ਨਾਸ਼ਕ ਦੀ ਵਰਤੋਂ ਨਾਲ ਘਾਹ ਵਾਲੇ ਮੌਸਮੀ ਨਦੀਨ ਜਿਵੇਂ ਕਿ ਸਵਾਂਕ, ਗੁੜਤ ਮਧਾਨਾ ਅਤੇ ਕੁਝ ਚੌੜੇ ਪੱਤੇ ਵਾਲੇ ਨਦੀਨਾਂ ਦੀ ਚੰਗੀ ਰੋਕਥਾਮ ਹੋ ਜਾਂਦੀ ਹੈ। ਇਸ ਤੋਂ ਬਾਅਦ ਜੇ ਲੋੜ ਪਵੇ ਤਾਂ ਗੋਡੀ ਕਰਕੇ ਜਾਂ ਨਦੀਨਨਾਸ਼ਕ ਦੀ ਵਰਤੋਂ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਵਾਂਕ ਜਾਂ ਝੋਨੇ ਵਾਲੇ ਮੇਥੇ ਦੀ ਰੋਕਥਾਮ ਲਈ ਨੌਮਿਨੀ ਗੋਲਡ/ਮਾਚੋ/ ਤਾਰਕ 10 ਤਾਕਤ (ਬਿਸਪਾਇਰੀਬੈਕ ਸੋਡੀਅਮ) 100 ਮਿਲੀਲੀਟਰ ਪ੍ਰਤੀ ਏਕੜ, ਗੁੜਤ ਮਧਾਨਾ, ਚੀਨੀ ਘਾਹ, ਤੱਕੜੀ ਘਾਹ ਆਦਿ ਲਈ ਰਾਈਸ ਸਟਾਰ 6.7 ਤਾਕਤ (ਫਿਨਾਕਸਾਪਰੋਪ-ਪੀ-ਇਥਾਇਲ) 400 ਮਿਲੀਲੀਟਰ ਪ੍ਰਤੀ ਏਕੜ, ਝੋਨੇ ਦੇ ਮੇਥੇ, ਗੰਡੀ ਵਾਲਾ ਡੀਲਾ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਐਲਮਿਕਸ 20 ਤਾਕਤ (ਕਲੋਰੀਮਿਊਰਾਨ ਇਥਾਇਲ + ਮੈਟਸਲਫੂਰਾਨ ਮਿਥਾਇਲ) 8 ਗ੍ਰਾਮ ਪ੍ਰਤੀ ਏਕੜ ਦਾ 150 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਫਸਲ ਦੇ ਅਖੀਰਲੇ ਪੜਾਵਾਂ ਵਿਚ ਜੇ ਨਦੀਨ ਉੱਗ ਜਾਣ ਜਾਂ ਨਦੀਨ

ਨਾਸ਼ਕਾਂ ਦੇ ਅਸਰ ਤੋਂ ਬਚ ਜਾਣ, ਉਹ ਭਾਵੇਂ ਝਾੜ ਤੇ ਅਸਰ ਨਹੀਂ ਪਾਉਣਗੇ ਪਰ ਉਨ੍ਹਾਂ ਬੂਟਿਆਂ ਨੂੰ ਬੀਜ ਪੈਣ ਤੋਂ ਪਹਿਲਾਂ ਪੁੱਟ ਕੇ ਖੇਤ ਵਿਚੋਂ ਬਾਹਰ ਕੱਢ ਦਿਓ ਤਾਂ ਕਿ ਝੋਨੇ ਦੀ ਅਗਲੀ ਫਸਲ ਵਿਚ ਨਦੀਨਾਂ ਦੀ ਸਮੱਸਿਆ ਨੂੰ ਘਟਾਇਆ ਜਾ ਸਕੇ।

**ਸਿੰਚਾਈ:**

ਸਿੱਧੀ ਬਿਜਾਈ ਦੀ ਇਸ ਵਿਧੀ ਦੀ ਵਿਲੱਖਣਤਾ ਇਹ ਹੈ ਕਿ ਪਹਿਲਾ ਪਾਣੀ ਬਿਜਾਈ ਤੋਂ 21 ਦਿਨ ਬਾਅਦ ਲਾਉਣਾ ਹੈ। ਇਸ ਸਮੇਂ ਝੋਨੇ ਦਾ ਬੂਟਾ ਜ਼ਿਆਦਾ ਤਾਕਤ ਜੜ੍ਹਾਂ ਵਧਾਉਣ ਨੂੰ ਲਗਾਉਂਦਾ ਹੈ ਤੇ ਜ਼ਮੀਨ ਦੇ ਉੱਪਰ ਵਾਲਾ ਹਿੱਸਾ (ਤਨਾ) ਥੋੜ੍ਹਾ ਘਟ ਵਧੇਗਾ, ਸੋ ਘਬਰਾਉਣ ਦੀ ਲੋੜ ਨਹੀਂ। ਪਹਿਲੀ ਸਿੰਚਾਈ ਲੇਟ ਕਰਨ ਨਾਲ ਨਦੀਨਾਂ ਦੀ ਸਮੱਸਿਆ ਬਹੁਤ ਘੱਟ ਜਾਂਦੀ ਹੈ ਕਿਉਂਕਿ ਜ਼ਮੀਨ ਦੀ ਸਤਹਿ ਜਲਦੀ ਸੁੱਕ ਜਾਣ ਕਰਕੇ ਨਦੀਨ ਨਹੀਂ ਜੰਮਦੇ। ਦੂਸਰਾ ਪਾਣੀ ਲੇਟ ਹੋਣ ਨਾਲ ਜ਼ਮੀਨ ਵਿਚ ਪਏ ਤੱਤ ਥੱਲੇ ਨਹੀਂ ਸਰਕਦੇ ਅਤੇ ਜੜ੍ਹਾਂ ਡੂੰਘੀਆਂ ਜਾਣ ਕਰਕੇ ਖੁਰਾਕੀ ਤੱਤਾਂ ਦੀ ਘਾਟ ਬਹੁਤ ਘੱਟ ਆਵੇਗੀ। ਜੇਕਰ ਝੋਨੇ ਦੇ ਪੁੰਗਾਰ ਹੋਣ ਤੋਂ ਪਹਿਲਾਂ ਬਰਸਾਤ ਪੈਣ ਕਰਕੇ ਕਰੰਡ ਹੋ ਜਾਵੇ ਤਾਂ ਉਸਨੂੰ 'ਸਰੀਆਂ ਵਾਲੀ ਕਰੰਡੀ' ਨਾਲ ਤੋੜ ਦਿਓ। ਪਰ ਪਹਿਲਾ ਪਾਣੀ 21 ਦਿਨ ਤੇ ਹੀ ਲਾਓ। ਪਹਿਲੇ ਪਾਣੀ ਤੋਂ ਬਾਅਦ ਜ਼ਮੀਨ ਦੀ ਕਿਸਮ ਅਤੇ ਬਾਰਿਸ਼ਾਂ ਦੇ ਹਿਸਾਬ 7-10 ਦਿਨਾਂ ਦੇ ਵਕਫੇ ਤੇ ਪਾਣੀ ਲਾਓ। ਆਖਰੀ ਪਾਣੀ ਕਟਾਈ ਤੋਂ 10 ਦਿਨ ਪਹਿਲਾਂ ਲਾਓ। ਇਸ ਤਰ੍ਹਾਂ ਕਰਨ ਨਾਲ ਝੋਨੇ ਦੀ ਸਿੱਧੀ ਬਿਜਾਈ ਵਿਚ ਕੱਦੂ ਕਰਕੇ ਲਾਏ ਝੋਨੇ ਨਾਲੋਂ ਪਾਣੀ ਦੀ ਬੱਚਤ ਹੁੰਦੀ ਹੈ।

**ਖਾਦਾਂ ਦੀ ਵਰਤੋਂ:**

ਸਿੱਧੇ ਬੀਜੇ ਪਰਮਲ ਝੋਨੇ ਵਿਚ 130 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਤਿੰਨ ਬਰਾਬਰ ਕਿਸ਼ਤਾਂ ਵਿਚ ਵੰਡ ਕੇ ਬਿਜਾਈ ਤੋਂ 4, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਓ। ਬਾਸਮਤੀ ਝੋਨੇ ਦੀ ਫਸਲ ਵਿਚ 54 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਬਰਾਬਰ ਕਿਸ਼ਤਾਂ ਵਿਚ ਵੰਡ ਕੇ ਬਿਜਾਈ ਤੋਂ 3, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਓ। ਜੇਕਰ ਮਿੱਟੀ ਪਰਖ ਦੇ ਅਧਾਰ ਤੇ ਫਾਸਫੋਰਸ ਅਤੇ ਪੋਟਾਸ਼ ਦੀ ਘਾਟ ਹੋਵੇ ਤਾਂ ਹੀ ਇਨ੍ਹਾਂ ਤੱਤਾਂ ਦੀ ਵਰਤੋਂ ਕਰੋ। ਜੇਕਰ ਫਾਸਫੋਰਸ ਦੀ ਸਿਫਾਰਸ਼ ਕੀਤੀ ਮਾਤਰਾ ਖੇਤ ਵਿਚ ਪਹਿਲਾਂ ਬੀਜੀ ਕਣਕ ਨੂੰ ਪਾਈ ਹੋਵੇ ਤਾਂ ਸਿੱਧੀ ਬਿਜਾਈ ਵਾਲੇ ਝੋਨੇ/ਬਾਸਮਤੀ ਵਿਚ ਇਸ ਦੀ ਲੋੜ ਨਹੀਂ। ਲੋਹੇ ਦੀ ਘਾਟ ਆਉਣ ਤੇ 1% ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ 100 ਲੀਟਰ ਪਾਣੀ ਵਿਚ ਘੋਲ ਕੇ) ਦੇ ਦੋ ਛਿੜਕਾਅ ਹਫਤੇ ਦੀ ਵਿੱਥ ਤੇ ਕਰੋ।

**'ਤਰ ਵੱਤਰ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ' ਜ਼ਰੂਰੀ ਗੱਲਾਂ:**

1 ਢੁੱਕਵੀਆਂ ਜ਼ਮੀਨਾਂ ਰੇਤਲੀ ਮੈਰਾ, ਮੈਰਾ, ਚਿਕਨੀ ਮੈਰਾ, ਭੱਲਵਾਲੀ ਮੈਰਾ।

2 ਬਿਜਾਈ ਤੋਂ ਪਹਿਲਾਂ ਖੇਤ ਨੂੰ ਰੌਣੀ ਕਰੋ।

3 'ਤਰ ਵੱਤਰ ਵਿਚ ਖੇਤ ਤਿਆਰ ਕਰਕੇ ਤੁਰੰਤ ਬਿਜਾਈ ਕਰੋ।

4 ਬੀਜ ਬੀਜਣ ਤੋਂ ਪਹਿਲਾਂ 8 ਘੰਟੇ ਪਾਣੀ ਵਿਚ ਭਿਓਂ ਕੇ ਰੱਖੋ। ਬਾਅਦ ਵਿਚ ਭਾਵੇਂ ਸੁਕਾ ਕੇ ਦਵਾਈ ਨਾਲ ਸੋਧ ਲਵੋ।

5 ਬਿਜਾਈ ਤੇ ਸਪ੍ਰੇਅ ਲਈ ਪੰਮੀ DSR ਦੀ ਵਰਤੋਂ ਕਰੋ।



6 ਪਹਿਲਾ ਪਾਣੀ ਬਿਜਾਈ ਤੋਂ 21 ਦਿਨਾਂ ਬਾਅਦ ਲਾਓ।

**ਝੋਨੇ ਦੀ ਸਿੱਧੀ ਬਿਜਾਈ ਦੀ ਨਵੀਂ ਵਿਧੀ : ਲੇਬਰ ਦੀ ਕਮੀ ਦਾ ਇਕ ਹੱਲ**

ਇਸ ਸਾਲ ਕੋਵਿਡ-19 ਦੇ ਚੱਲਦਿਆਂ ਝੋਨੇ ਦੀ ਲੁਆਈ ਸਮੇਂ ਮਜ਼ਦੂਰਾਂ ਦੀ ਘਾਟ ਪੈਣ ਦੇ ਆਸਾਰ ਬਣੇ ਹੋਏ ਹਨ। ਇਸ ਸੰਦਰਭ ਵਿਚ ਮਸ਼ੀਨ ਨਾਲ ਝੋਨੇ ਦੀ ਸਿੱਧੀ ਬਿਜਾਈ ਇਸ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਈ ਹੋ ਸਕਦੀ ਹੈ। ਇਸ ਕਰਕੇ ਕਿਸਾਨ ਭਰਾਵਾਂ ਨੂੰ ਝੋਨੇ ਦੀ ਲੁਆਈ ਸ਼ੁਰੂ ਹੋਣ ਤੋਂ ਪਹਿਲਾਂ, ਖਾਸ ਕਰਕੇ ਜੂਨ ਦਾ ਪਹਿਲਾ ਪੰਦਰਵਾੜਾ, ਕੁਝ ਰਕਬੇ ਤੇ ਝੋਨੇ ਦੀ ਸਿੱਧੀ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿੰਨ ਸਾਲ (2017 ਤੋਂ 2019) ਤੱਕ ਕੀਤੇ ਤਜ਼ਰਬਿਆਂ ਦੇ ਅਧਾਰ ਤੇ ਝੋਨੇ ਦੀ ਸਿੱਧੀ ਬਿਜਾਈ ਦੀ ਨਵੀਂ ਤਕਨੀਕ ਵਿਕਸਿਤ ਕੀਤੀ ਗਈ ਹੈ। ਜਿਸਨੂੰ ਇਕ ਚੰਗੇ ਪੱਧਰ ਤੇ ਕਿਸਾਨਾਂ ਦੇ ਖੇਤਾਂ ਵਿਚ ਸਫਲਤਾ ਪੂਰਵਕ ਪਿਛਲੇ ਸਾਲ ਟੈਸਟ ਕੀਤਾ ਜਾ ਚੁੱਕਿਆ ਹੈ। ਇਹ ਤਕਨੀਕ ਅਪਨਾਉਣ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ ਅਤੇ ਫਿਰ ਰੌਣੀ ਕਰਨ ਤੋਂ ਬਾਅਦ ਤਰ ਵੱਤਰ ਖੇਤ ਵਿਚ ਮਸ਼ੀਨ ਨਾਲ ਸਿੱਧੀ ਬਿਜਾਈ ਕਰ ਦਿਓ। ਬਿਜਾਈ ਕਰਨ ਲਈ "ਪੰਮੀ DSR", ਜੋ ਕਿ ਝੋਨੇ ਦੀ ਬਿਜਾਈ ਅਤੇ ਨਦੀਨ ਨਾਸ਼ਕ ਦੀ ਸਪ੍ਰੇ ਨਾਲੋਂ ਨਾਲ ਕਰਦੀ ਹੈ, ਨੂੰ ਤਰਜੀਹ ਦਿਓ। ਬਿਜਾਈ ਲਈ 8-10 ਕਿਲੋ ਬੀਜ ਪ੍ਰਤੀ ਏਕੜ ਵਰਤੋ। ਜੇਕਰ ਲੱਕੀ ਡਰਿੱਲ ਨਾ ਮਿਲੇ ਤਾਂ ਤਿਰਛੀ ਪਲੇਟ (ਇਨਕਲਾਈਂਡ ਪਲੇਟ ਮੀਟਰਿੰਗ ਮਕੈਨਿਜ਼ਮ) ਵਾਲੇ ਟਰੈਕਟਰ ਡਰਿੱਲ ਨਾਲ ਬਿਜਾਈ ਕਰਕੇ ਤੁਰੰਤ ਨਦੀਨ ਨਾਸ਼ਕ ਦੀ ਸਪ੍ਰੇ ਕਰ ਦਿਓ।ਸਪ੍ਰੇ ਲਈ ਸਟੌਂਪ/ਬੰਕਰ 30% (ਪੈਂਡੀਮੈਥਾਲਿਨ) ਨਦੀਨ ਨਾਸ਼ਕ ਇਕ ਲੀਟਰ ਪ੍ਰਤੀ ਏਕੜ 200 ਲੀਟਰ ਪਾਣੀ ਵਿਚ ਘੋਲ ਕੇ ਵਰਤੋ।ਬੀਜ ਨੂੰ 8 ਘੰਟੇ ਪਾਣੀ ਵਿਚ ਭਿਉਣ ਮਗਰੋਂ ਛਾਂਵੇਂ ਸੁਕਾ ਲਵੋ। ਬੀਜ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਿਊ ਐਸ (ਮੈਨਕੋਜ਼ੇਬ+ ਕਾਰਬੈਂਡਾਜ਼ਿਮ) ਨੂੰ 10-12 ਮਿਲੀਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਲੇਪ ਬਣਾ ਕੇ ਸੋਧ ਲਵੋ। ਪਹਿਲਾ ਪਾਣੀ ਬਿਜਾਈ ਦੇ 21 ਦਿਨਾਂ ਬਾਅਦ ਲਾਓ। ਬਾਅਦ ਵਾਲੇ ਪਾਣੀ ਮੌਨਸੂਨ ਦੀ ਵਰਖਾ ਦੇ ਅਧਾਰ ਤੇ ਲਾਓ। ਜੂਨ ਦੇ ਮਹੀਨੇ ਅੱਤ ਦੀ ਗਰਮੀ ਪੈਂਦੀ ਹੈ ਅਤੇ ਪਾਣੀ ਦਾ ਵਾਸ਼ਪੀਕਰਣ ਬਹੁਤ ਜ਼ਿਆਦਾ ਹੁੰਦਾ ਹੈ। ਸਿੱਧੀ ਬਿਜਾਈ ਦੀ ਨਵੀਂ ਤਕਨੀਕ ਨਾਲ ਇਕ ਤਾਂ ਪਾਣੀ ਦੀ ਬਹੁਤ ਬੱਚਤ ਹੁੰਦੀ ਹੈ। ਦੂਸਰਾ, ਪਹਿਲਾ ਪਾਣੀ ਲੇਟ ਕਰਨ ਨਾਲ ਨਦੀਨਾਂ ਦੀ ਸਮੱਸਿਆ ਬਹੁਤ ਘੱਟ ਆਉਂਦੀ ਹੈ। ਤੀਸਰਾ, ਪਹਿਲਾ ਪਾਣੀ ਲੇਟ ਕਰਨ ਨਾਲ ਝੋਨੇ ਦੇ ਬੂਟੇ ਦੀਆਂ ਜੜ੍ਹਾਂ ਡੂੰਘੀਆਂ ਚਲੀਆਂ ਜਾਂਦੀਆਂ ਹਨ ਜਿਸ ਕਰਕੇ ਖੁਰਾਕੀ ਤੱਤਾਂ ਖਾਸ ਕਰਕੇ ਲੋਹੇ ਦੀ ਘਾਟ ਬਹੁਤ ਘੱਟ ਆਉਂਦੀ ਹੈ।ਚੌਥਾ ਇਸ ਨਵੀਂ ਤਕਨੀਕ ਨਾਲ ਝੋਨੇ ਦੀ ਸਿੱਧੀ ਬਿਜਾਈ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ (ਰੇਤਲੀ ਮੈਰਾ, ਮੈਰਾ, ਚੀਕਣੀ ਮੈਰਾ, ਭੱਲਵਾਲੀ ਮੈਰਾ) ਵਿਚ ਕੀਤੀ ਜਾ ਸਕਦੀ ਹੈ ਜਿਹੜੀਆਂ ਕਿ ਇਸ ਸੂਬੇ ਵਿਚ 87 ਪ੍ਰਤੀਸ਼ਤ ਹਿੱਸੇ ਵਿਚ ਪਾਈਆਂ ਜਾਂਦੀਆਂ ਹਨ। ਪੰਜਵਾਂ, ਇਸ ਨਵੀਂ ਤਕਨੀਕ ਨਾਲ ਬੀਜੇ ਝੋਨੇ ਦੀ ਆਰਥਿਕਤਾ (ਮੁਨਾਫਾ) ਕੱਦੂ ਕੀਤੇ ਖੇਤ ਵਿਚ ਪਨੀਰੀ ਰਾਹੀਂ ਲਗਾਏ ਝੋਨੇ ਦੇ ਬਰਾਬਰ ਹੁੰਦੀ ਹੈ।ਝੋਨੇ ਦੀ ਸਿੱਧੀ ਬਿਜਾਈ ਲਈ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਨੂੰ ਤਰਜੀਹ ਦਿਓ।ਝੋਨੇ ਦੀ ਸਿੱਧੀ ਬਿਜਾਈ ਦੀ ਇਸ ਨਵੀਂ ਤਕਨੀਕ ਨੂੰ ਅਪਨਾਉਣ ਨਾਲ ਪਾਣੀ ਦੀ ਵੀ ਬੱਚਤ ਹੋਵੇਗੀ।

## ਬੀਰ ਸਿੰਘ ਐਂਡ ਸੰਨਜ਼ ਬਾਰੇ

ਬੀਰ ਸਿੰਘ ਐਂਡ ਸੰਨਜ਼ ਭਾਰਤ ਵਿੱਚ ਐਗਰੀਕਲਚਰ ਇੰਪਲੀਮੈਂਟਸ ਬਣਾਉਣ ਦਾ ਕੰਮ ਕਰਦੀ ਹੈ। ਉਹਨਾਂ ਦਾ ਲੰਮੇ ਸਮੇਂ ਦਾ ਤਜਰਬਾ ਹੈ ਕਿ ਉਹ ਅੰਤਰ-ਰਾਸ਼ਟਰੀ ਮਾਰਕੀਟ ਅਤੇ ਕਿਸਾਨਾਂ ਦੀ ਮੰਗ ਦੇ ਅਨੁਸਾਰ ਖੇਤੀਬਾੜੀ ਦੇ ਨਵੀਨੀਕਰਨ ਲਈ ਨਵੀਂ ਤਕਨੀਕ ਨਾਲ ਸੰਦ ਤਿਆਰ ਕਰਦੇ ਹਨ।

## ਸਾਡਾ ਟੀਚਾ

ਸਾਡੀ ਕੰਪਨੀ ਦਾ ਟੀਚਾ ਹੈ ਕਿ ਅਸੀਂ ਆਪਣੇ ਪ੍ਰੋਡਕਟਸ ਨਾਲ ਕਿਸਾਨਾਂ ਦੀ ਖੇਤੀਬਾੜੀ ਦੇ ਢੰਗ ਤਰੀਕੇ ਨੂੰ ਸੌਖਾ ਅਤੇ ਆਸਾਨ ਕਰਕੇ ਖੇਤੀਬਾੜੀ ਨੂੰ ਇੱਕ ਵਧੀਆ ਮੁਕਾਮ ਤੱਕ ਲਿਜਾਣਾ ਚਾਹੁੰਦੇ ਹਾਂ ਤਾਂ ਜੋ ਸਾਡੇ ਕਿਸਾਨ ਵੀਰ ਵਧੀਆ ਅਤੇ ਆਸਾਨ ਤਰੀਕੇ ਨਾਲ ਖੇਤੀਬਾੜੀ ਕਰ ਸਕਣ। ਅਸੀਂ ਕਿਸਾਨ ਵੀਰਾਂ ਤੋਂ ਆਪਣੇ ਪ੍ਰੋਡਕਟਸ ਬਾਰੇ ਫੀਡ ਬੈਕ (ਜਾਣਕਾਰੀ) ਖੇਤਾਂ ਵਿੱਚ ਜਾ ਕੇ, ਮੋਬਾਈਲ ਕਾਲ ਜਾਂ ਈ-ਮੇਲ ਰਾਹੀਂ ਲੈਂਦੇ ਰਹਿੰਦੇ ਹਾਂ ਤਾਂ ਜੋ ਅਸੀਂ ਆਪਣੇ ਪ੍ਰੋਡਕਟਸ ਵਿੱਚ ਹੋਰ ਸੁਧਾਰ ਕਰਕੇ ਹੋਰ ਵਧੀਆ ਤਕਨੀਕ ਵਾਲੇ ਪ੍ਰੋਡਕਟਸ ਕਿਸਾਨਾਂ ਨੂੰ ਦੇ ਸਕੀਏ। ਇਸ ਤੋਂ ਇਲਾਵਾ ਸਾਡੀ ਫਰਮ ਦੇ ਸਾਰੇ ਪ੍ਰੋਡਕਟਸ ਭਾਰਤ ਸਰਕਾਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਟੈਸਟ ਕੀਤੇ ਹੋਏ ਹਨ ਜਿਵੇਂ ਕਿ :

1. ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਲੁਧਿਆਣਾ)
2. ਸਵਾਮੀ ਵਿਵੇਕਾਨੰਦ ਐਗਰੀਕਲਚਰ ਯੂਨੀਵਰਸਿਟੀ ਬੀਕਾਨੇਰ (ਰਾਜਸਥਾਨ)
3. ਚੌਧਰੀ ਚਰਣ ਸਿੰਘ ਐਗਰੀਕਲਚਰ ਯੂਨੀਵਰਸਿਟੀ ਹਿਸਾਰ (ਹਰਿਆਣਾ)

## ਸਾਡੇ ਪ੍ਰੋਡਕਟਸ

ਬੀਰ ਸਿੰਘ ਐਂਡ ਸੰਨਜ਼ ਬਹੁਤ ਸਾਰੇ ਖੇਤੀਬਾੜੀ ਨਾਲ ਸਬੰਧਤ ਮਸ਼ੀਨਾਂ/ਸੰਦਾਂ ਦਾ ਨਿਰਮਾਣ ਕਰਦੀ ਹੈ ਜਿਵੇਂ ਕਿ ਰੋਟਾਵੇਟਰ, ਰੋਟੋਸੀਡਰ, ਕਲਟੀਵੇਟਰ, ਥਰੈਸ਼ਰ, ਲੇਜ਼ਰ ਲੈਂਡ ਲੈਵਲਰ, ਸਟਰਾਅ ਰੀਪਰ, ਜ਼ੀਰੋ ਟਿੱਲ ਡਰਿੱਲ, DSR ਡਰਿੱਲ ਆਦਿ।

## ਕਸਟਮਰ ਲਈ ਸੰਦੇਸ਼

- ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀਂ ਸਾਡੇ ਤੇ ਵਿਸ਼ਵਾਸ ਕਰਕੇ DSR ਡਰਿੱਲ ਨੂੰ ਖਰੀਦਿਆ ਹੈ। ਅਸੀਂ ਇਸ DSR ਡਰਿੱਲ ਨੂੰ ਮਾਰਕੀਟ ਵਿੱਚ ਲਿਆਉਣ ਤੋਂ ਪਹਿਲਾਂ ਇਸ ਦੇ ਡਿਜ਼ਾਈਨ ਉੱਪਰ, ਟੈਸਟਿੰਗ ਉੱਪਰ ਬਹੁਤ ਸਮਾਂ ਬਿਤਾਇਆ ਹੈ ਤਾਂ ਕਿ ਇਸ ਦੀ ਕਾਰਗੁਜ਼ਾਰੀ ਤੁਹਾਡੇ ਲਈ ਬਹੁਤ ਵਧੀਆ ਰਹੇ।
- ਜੇਕਰ ਤੁਸੀਂ ਇਸ DSR ਡਰਿੱਲ ਦੀ ਕਾਰਗੁਜ਼ਾਰੀ ਵਧੀਆ ਤਰੀਕੇ ਨਾਲ ਚਾਹੁੰਦੇ ਹੋ ਤਾਂ DSR ਡਰਿੱਲ ਦੇ ਨਾਲ ਦਿੱਤੇ ਹੋਏ ਮੈਨੂਅਲ ਨੂੰ ਧਿਆਨ ਨਾਲ ਪੜ੍ਹੋ। ਹੋ ਸਕੇ ਤਾਂ ਇਸ ਮੈਨੂਅਲ ਨੂੰ ਹਮੇਸ਼ਾ ਕੰਮ ਕਰਦੇ ਸਮੇਂ ਆਪਣੇ ਨਾਲ ਰੱਖੋ।



## ਗਾਹਕ ਦੀਆਂ ਜੁੰਮੇਵਾਰੀਆਂ

- ਇਹ ਗਾਹਕ ਅਤੇ ਓਪਰੇਟਰ ਦੀ ਜੁੰਮੇਵਾਰੀ ਹੈ ਕਿ ਇਸ ਮੈਨੂਅਲ ਨੂੰ ਚੰਗੀ ਤਰ੍ਹਾਂ ਪੜ੍ਹ ਲਵੇ ਤਾਂ ਜੋ ਇਸ DSR ਡਰਿੱਲ ਦਾ ਰੱਖ ਰਖਾਓ ਅਤੇ ਸਾਂਭ ਸੰਭਾਲ ਚੰਗੀ ਤਰਾਂ ਕੀਤੀ ਜਾ ਸਕੇ।
- ਜੇਕਰ ਤੁਸੀਂ ਇਸ ਓਪਰੇਟਰ ਮੈਨੂਅਲ ਨੂੰ ਧਿਆਨ ਨਾਲ ਨਹੀਂ ਪੜ੍ਹੋਗੇ ਤਾਂ DSR ਡਰਿੱਲ ਨੂੰ ਕਿਸ ਤਰ੍ਹਾਂ ਓਪਰੇਟ ਕਰਨਾ ਹੈ, ਦੀ ਜਾਣਕਾਰੀ ਨਹੀਂ ਆਵੇਗੀ। ਇਸ ਨਾਲ DSR ਡਰਿੱਲ ਨੂੰ ਚਲਾਉਂਦੇ ਸਮੇਂ DSR ਡਰਿੱਲ ਦਾ ਨੁਕਸਾਨ ਵੀ ਹੋ ਸਕਦਾ ਹੈ ਅਤੇ DSR ਡਰਿੱਲ ਨੂੰ ਚਲਾਉਣ ਵਾਲੇ ਓਪਰੇਟਰ ਨੂੰ ਸੱਟ ਵੀ ਲੱਗ ਸਕਦੀ ਹੈ।

## ਵਾਰੰਟੀ

DSR ਡਰਿੱਲ ਦੀ ਵਾਰੰਟੀ ਕੰਪਨੀ ਦੁਆਰਾ ਦਿੱਤੇ ਗਏ ਵਾਰੰਟੀ ਕਾਰਡ ਦੇ ਉੱਪਰ ਹੈ, ਅਗਰ ਵਾਰੰਟੀ ਕਾਰਡ ਗੁੰਮ ਹੋ ਜਾਂਦਾ ਹੈ ਤਾਂ (ਬੀਰ ਸਿੰਘ ਐਂਡ ਸੰਨਜ਼) ਕੰਪਨੀ ਜਾਂ ਉਹਨਾਂ ਦੇ ਅਧਿਕਾਰਤ ਡੀਲਰ ਨਾਲ ਸੰਪਰਕ ਕਰੋ।

## DSR ਡਰਿੱਲ ਬਾਰੇ

ਡੀ.ਐਸ.ਆਰ ਡਰਿੱਲ (DSR DRILL) ਕਿਸਾਨਾਂ ਲਈ ਬਹੁਤ ਮਹੱਤਵਪੂਰਨ ਮਸ਼ੀਨ ਬਣ ਚੁੱਕੀ ਹੈ। ਇਹ ਡੀ.ਐਸ.ਆਰ ਡਰਿੱਲ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਦੇ ਕੰਮ ਆਉਂਦੀ ਹੈ। ਇਸ ਡੀ.ਐਸ.ਆਰ ਡਰਿੱਲ ਨਾਲ ਕਿਸਾਨ ਵੀਰਾਂ ਦਾ ਖਰਚਾ ਅਤੇ ਸਮਾਂ ਦੋਨਾਂ ਦੀ ਬੱਚਤ ਹੁੰਦੀ ਹੈ। ਇਹ ਡੀ.ਐਸ.ਆਰ ਡਰਿੱਲ ਕਈ ਸਾਇਜ਼ਾਂ ਵਿੱਚ ਬਣਾਈ ਜਾਂਦੀ ਹੈ ਜਿਵੇਂ ਕਿ:- 11 ਟਾਇਨ ਅਤੇ 13 ਟਾਇਨ।

## ਮੁੱਖ ਪਾਰਟਸ ਤੇ ਓਹਨਾਂ ਦੀ ਜਾਣਕਾਰੀ

1. ਬੀਜ, ਖਾਦ ਟੈਂਕ
2. ਬੀਜ, ਖਾਦ ਦੀ ਮਾਤਰਾ ਨੂੰ ਸੈੱਟ ਕਰਨ ਵਾਲੇ ਹੈਂਡਲ
3. ਬੀਜ, ਖਾਦ ਪਾਰਦਰਸ਼ੀ ਪਲਾਸਟਿਕ ਪਾਈਪ
4. ਫਰੇਮ
5. ਟਾਇਨਾਂ
6. ਗਰਾਉਂਡ ਵ੍ਹੀਲ
7. ਬੀਜ ਬੂਟ
8. ਟਰੈਕਟਰ ਨਾਲ ਜੋੜਣ ਵਾਲੀਆਂ ਲਿੰਕਾਂ
9. ਡੂੰਘਾਈ ਨੂੰ ਘੱਟ ਵੱਧ ਕਰਨ ਵਾਲੇ ਪਹੀਏ
10. ਬੀਜ ਮੀਟਰਿੰਗ ਪਲੇਟ

## DSR ਡਰਿੱਲ ਦਾ ਢਾਂਚਾ

- DSR ਡਰਿੱਲ ਦਾ ਫਰੇਮ ਚੌਰਸ ਬੀਮ ਨਾਲ ਬਣਿਆ ਹੋਇਆ ਹੈ ਜਿਸ ਦਾ ਸਾਈਜ਼ 60x60 mm ਚੌਰਸ ਹੈ। ਬੀਜ ਟੈਂਕ MS ਸ਼ੀਟ ਦਾ ਬਣਿਆ ਹੋਇਆ ਹੈ।
- ਟਾਇਨਾਂ ਨੂੰ U ਕਲਿਪ ਦੀ ਮਦਦ ਨਾਲ ਫਰੇਮ ਤੇ ਫਿੱਟ ਕੀਤਾ ਹੋਇਆ ਹੈ, ਜਿਸ ਨਾਲ ਲਾਈਨ ਤੋਂ ਲਾਈਨ ਦੀ ਦੂਰੀ ਘੱਟ-ਵੱਧ ਕੀਤੀ ਜਾ ਸਕਦੀ ਹੈ।
- DSR ਡਰਿੱਲ ਨੂੰ ਟਰੈਕਟਰ ਨਾਲ ਜੋੜਣ ਲਈ ਤਿੰਨ ਪਿੰਨਾਂ ਦੀ ਲੌਕ ਅਸੈਂਬਲੀ ਦਿੱਤੀ ਗਈ ਹੈ, ਜਿਸ ਦੀਆਂ ਦੋ ਪਿੰਨਾਂ ਹੇਠਾਂ ਅਤੇ ਇਕ ਪਿੰਨ ਉੱਪਰ ਲੱਗੀ ਹੋਈ ਹੈ, ਜਿਸ ਦੀ ਮੱਦਦ ਨਾਲ DSR ਡਰਿੱਲ ਨੂੰ ਬਰਾਬਰ ਲੈਵਲ ਵਿੱਚ ਰੱਖ ਕੇ ਚਲਾਇਆ ਜਾ ਸਕਦਾ ਹੈ।
- ਪਾਰਦਰਸ਼ੀ ਪਲਾਸਟਿਕ ਪਾਈਪਾਂ ਨਾਲ ਬੀਜ ਪਸਤੌਲ ਨੂੰ ਬੀਜ ਬੂਟ ਨਾਲ ਜੋੜਿਆ ਗਿਆ ਹੈ।
- ਟਾਇਨਾਂ ਨੂੰ U ਨਟ ਬੋਲਟ ਦੀ ਮਦਦ ਨਾਲ ਮੇਨ ਫਰੇਮ ਨਾਲ ਜੋੜਿਆ ਗਿਆ ਹੈ, ਜਿਸ ਦੀ ਮਦਦ ਨਾਲ ਟਾਇਨਾਂ ਵਿਚਕਾਰ ਦੂਰੀ ਆਸਾਨੀ ਨਾਲ ਘੱਟ-ਵੱਧ ਕੀਤੀ ਜਾ ਸਕਦੀ ਹੈ ਅਤੇ ਜ਼ਰੂਰਤ ਪੈਣ ਤੇ ਅਸਾਨੀ ਨਾਲ ਰਿਪੇਅਰ ਕੀਤਾ ਅਤੇ ਬਦਲਿਆ ਜਾ ਸਕਦਾ ਹੈ।
- DSR ਡਰਿੱਲ ਵਿਚ ਦੋ ਬੀਜ ਟੈਂਕ ਹਨ। ਪਹਿਲੇ ਵਿਚ ਖਾਦ ਅਤੇ ਦੂਜੇ ਵਿਚ ਬੀਜ ਪਾਇਆ ਜਾਂਦਾ ਹੈ।
- DSR ਡਰਿੱਲ ਨਾਲ ਦੋ ਡੂੰਘਾਈ ਪਹੀਏ ਲਗਾਏ ਗਏ ਹਨ, ਜਿਨ੍ਹਾਂ ਦੀ ਮਦਦ ਨਾਲ ਬਿਜਾਈ ਕਰਦੇ ਸਮੇਂ ਬੀਜ ਦੀ ਡੂੰਘਾਈ ਘੱਟ-ਵੱਧ ਕੀਤੀ ਜਾ ਸਕਦੀ ਹੈ।
- ਬਿਜਾਈ ਕਰਨ ਤੋਂ ਪਹਿਲਾਂ ਟਰੈਕਟਰ ਦੀ ਟਾਪ ਲਿੰਕ ਤੋਂ DSR ਡਰਿੱਲ ਦੀਆਂ ਅਗਲੀਆਂ ਅਤੇ ਪਿਛਲੀਆਂ ਟਾਇਨਾਂ ਨੂੰ ਇੱਕ ਸਮਾਨ (ਬਰਾਬਰ) ਕਰ ਲੈਣਾ ਚਾਹੀਦਾ ਹੈ।
- ਬੀਜ ਅਤੇ ਖਾਦ ਟੈਂਕ ਤੇ ਲੱਗੇ ਮਾਤਰਾ ਸੈੱਟ ਕਰਨ ਵਾਲੇ ਹੈਂਡਲ ਤੋਂ ਖਾਦ ਅਤੇ ਬੀਜ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ।

## ਡਰਾਈਵ ਵ੍ਹੀਲ



- ਡਰਾਈਵ ਵ੍ਹੀਲ ਅਸਾਨੀ ਨਾਲ ਘੁੰਮਣਾ ਚਾਹੀਦਾ ਹੈ । ਜੇਕਰ ਉਹ ਜਾਮ ਹੁੰਦਾ ਹੈ ਤਾਂ ਉਸ ਨੂੰ ਗ੍ਰੀਸ ਜਾਂ ਤੇਲ ਲਾਉਣਾ ਚਾਹੀਦਾ ਹੈ। ਜੇਕਰ ਉਹ ਸਹੀ ਤਰੀਕੇ ਨਾਲ ਨਹੀਂ ਘੁੰਮਦਾ ਤਾਂ ਉਸ ਨੂੰ ਰਿਪੇਅਰ ਕਰਨਾ ਚਾਹੀਦਾ ਹੈ।
- ਡਰਾਈਵ ਵ੍ਹੀਲ ਨੂੰ ਜੋੜਣ ਵਾਲੀਆਂ ਸਾਈਡ ਪੱਤੀਆਂ ਬਿਲਕੁਲ ਸਿੱਧੀਆਂ ਹੋਣੀਆਂ ਚਾਹੀਦੀਆਂ ਹਨ।
- ਡਰਾਈਵ ਵ੍ਹੀਲ ਦੀ ਚੈਨ ਨੂੰ ਬੋਲਟ ਦੀ ਮਦਦ ਨਾਲ ਟਾਈਟ ਕੀਤਾ ਜਾ ਸਕਦਾ ਹੈ।



## ਖਾਦ ਅਤੇ ਬੀਜ ਪਾਈਪ



- ਬੀਜ ਅਤੇ ਖਾਦ ਪਸਤੌਲਾਂ ਨੂੰ ਪਲਾਸਟਿਕ ਪਾਈਪਾਂ ਦੁਆਰਾ ਸੀਡ ਬੂਟ ਨਾਲ ਜੋੜਿਆ ਗਿਆ ਹੈ।
- ਪਾਈਪ ਕਲਿੱਪ ਦੁਆਰਾ ਪਾਈਪ ਨੂੰ ਟਾਈਟ ਕੀਤਾ ਹੁੰਦਾ ਹੈ ਤਾਂ ਜੋ ਪਾਈਪ ਹੇਠਾਂ ਨਾ ਡਿੱਗੇ।
- ਪਲਾਸਟਿਕ ਪਾਈਪ ਵਿੱਚ ਬੇਂਡ ਨਹੀਂ ਪੈਣਾ ਚਾਹੀਦਾ, ਨਹੀ ਤਾਂ ਪਾਈਪ ਟੁੱਟ ਸਕਦਾ ਹੈ।
- ਜੇਕਰ ਪਾਈਪ ਟੁੱਟ ਜਾਂਦਾ ਹੈ ਤਾਂ ਉਸ ਨੂੰ ਬਦਲ ਦਿਓ ਜੀ।

## ਆਮ ਜਾਣਕਾਰੀ

- DSR ਡਰਿੱਲ ਦੇ ਸਾਰੇ ਪਾਰਟਸ ਰੰਗ ਹੋਏ ਹੋਣੇ ਚਾਹੀਦੇ ਹਨ।
- DSR ਡਰਿੱਲ ਨੂੰ ਬਾਰਿਸ਼ ਅਤੇ ਜ਼ਿਆਦਾ ਨਮੀ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ।
- DSR ਡਰਿੱਲ ਦੇ ਸਾਰੇ ਘੁੰਮਣ ਵਾਲੇ ਪਾਰਟਸ ਨੂੰ ਗਰੀਸ ਅਤੇ ਤੇਲ ਦੇਣਾ ਚਾਹੀਦਾ ਹੈ ਤਾਂ ਜੋ ਲੰਮੇ ਸਮੇ ਤੱਕ DSR ਡਰਿੱਲ ਦੀ ਵਰਤੋਂ ਕੀਤੀ ਜਾ ਸਕੇ।
- DSR ਡਰਿੱਲ ਬਾਰੇ ਜਾਣਕਾਰੀ ਰੱਖੋ ਤਾਂ ਜੋ DSR ਡਰਿੱਲ ਦੀ ਕਾਰਗੁਜ਼ਾਰੀ ਵਧੀਆ ਆ ਸਕੇ।

## ਬਿਜਾਈ ਕਰਦੇ ਸਮੇ ਧਿਆਨ ਰੱਖਣ ਯੋਗ ਗੱਲਾਂ

- ਸਾਫ ਅਤੇ ਸੁੱਕੇ ਬੀਜ ਦੀ ਵਰਤੋਂ ਕਰੋ।
- ਸਾਰੇ ਨਟ ਬੋਲਟ, ਰੂਲਰ ਅਤੇ ਸਪਰਿੰਗ ਧਿਆਨ ਨਾਲ ਚੈੱਕ ਕਰੋ ਅਤੇ ਖਰਾਬ ਪਾਰਟਸ ਬਦਲੋ ਅਤੇ ਨਟ ਬੋਲਟ ਟਾਈਟ ਕਰੋ ।
- ਬੀਜ ਅਤੇ ਖਾਦ ਟੈਂਕ ਦੇ ਪਸਤੌਲ ਰੂਲਰ ਅਤੇ ਪਸਤੌਲ ਸ਼ਾਫਟ ਨੂੰ ਸਾਫ ਕਰੋ।
- ਪਸਤੌਲ ਵਾਲੀ ਸ਼ਾਫਟ ਆਸਾਨੀ ਨਾਲ ਅੱਗੇ ਪਿੱਛੇ ਹੋਣੀ ਚਾਹੀਦੀ ਹੈ, ਨਹੀਂ ਤਾਂ ਪਸਤੌਲ ਟੁੱਟ ਸਕਦੇ ਹਨ।
- ਚੈੱਕ ਕਰੋ ਕਿ ਪਲਾਸਟਿਕ ਪਾਈਪਾਂ ਵਿੱਚ ਕੋਈ ਮਰੋੜ ਨਹੀਂ ਹੋਣਾ ਚਾਹੀਦਾ। ਨਹੀਂ ਤਾਂ ਬੀਜ ਅਤੇ ਖਾਦ ਕਿਰਣ ਵਿੱਚ ਦਿੱਕਤ ਆ ਸਕਦੀ ਹੈ।

- ਫਸਲ ਦੇ ਮੁਤਾਬਿਕ ਲਾਈਨ ਤੋਂ ਲਾਈਨ ਦੀ ਦੂਰੀ ਫਰੇਮ ਤੇ ਟਾਇਨ ਫਿੱਟ ਕਰ ਲਓ।
- ਜ਼ਿਆਦਾ ਗਿੱਲੀ ਮਿੱਟੀ ਵਿਚ ਬਿਜਾਈ ਨਾ ਕਰੋ। ਮਿੱਟੀ ਦੀ ਨਮੀ ਸਹੀ ਹੋਣੀ ਚਾਹੀਦੀ ਹੈ।

## DSR ਡਰਿੱਲ ਨੂੰ ਚਲਾਉਣ ਸਬੰਧੀ ਹਦਾਇਤਾਂ

- ਜੋ ਕੋਈ ਵੀ ਉਪਰੇਟਰ ਪੰਮੀ DSR ਡਰਿੱਲ ਨੂੰ ਚਲਾਵੇਗਾ, ਉਸ ਦਾ DSR ਡਰਿੱਲ ਦੀ ਵਰਤੋਂ ਵਿੱਚ ਪੂਰਾ ਮਾਹਿਰ ਹੋਣਾ ਬਹੁਤ ਜ਼ਰੂਰੀ ਹੈ।
- ਸਭ ਤੋਂ ਪਹਿਲਾਂ ਇਹ ਚੈੱਕ ਕਰ ਲਵੋ ਕਿ DSR ਡਰਿੱਲ ਦੇ ਸਾਰੇ ਪਾਰਟਸ ਸਹੀ ਤਰੀਕੇ ਨਾਲ ਕੰਮ ਕਰ ਰਹੇ ਹਨ।
- ਤਿੰਨ ਪਿੰਨ ਲਿੰਕਾਂ ਦੀ ਹੀ ਵਰਤੋਂ ਕਰੋ ਤਾਂ ਜੋ ਇਸ DSR ਡਰਿੱਲ ਨੂੰ ਸਹੀ ਤਰੀਕੇ ਨਾਲ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਵਿੱਚ ਆਸਾਨੀ ਹੋਵੇ।

## ਸੁਰੱਖਿਆ ਸਬੰਧੀ ਹਦਾਇਤਾਂ


- ਜਦੋਂ ਵੀ ਤੁਸੀਂ ਟਰੈਕਟਰ ਨੂੰ DSR ਡਰਿੱਲ ਨਾਲ ਜੋੜ ਰਹੇ ਹੋ ਤਾਂ ਟਰੈਕਟਰ ਅਤੇ DSR ਡਰਿੱਲ ਦੇ ਵਿਚਕਾਰ ਕੋਈ ਵੀ ਵਿਅਕਤੀ ਨਹੀਂ ਖੜ੍ਹਾ ਹੋਣਾ ਚਾਹੀਦਾ।



- ਟਰੈਕਟਰ ਨੂੰ ਹਮੇਸ਼ਾਂ ਇਕੱਲੇ ਚੱਲਦੇ ਨਾ ਛੱਡੋ।
- ਕਦੇ ਵੀ DSR ਡਰਿੱਲ ਦੇ ਹੇਠਾਂ ਹੱਥ ਜਾਂ ਪੈਰ ਨੂੰ ਨਾ ਰੱਖੋ।
- DSR ਡਰਿੱਲ ਨੂੰ ਚਲਾਉਂਦੇ ਸਮੇਂ ਕਿਸੇ ਵੀ ਬੱਚੇ ਨੂੰ ਨੇੜੇ ਨਾ ਆਉਣ ਦਿੱਤਾ ਜਾਵੇ।
- ਜਦੋਂ ਵੀ DSR ਡਰਿੱਲ ਨੂੰ ਪਬਲਿਕ ਰੋਡ ਉੱਪਰ ਲੈ ਕੇ ਜਾਣਾ ਹੈ ਤਾਂ ਬਣਦੇ ਕਾਨੂੰਨੀ ਨਿਯਮਾਂ ਦੀ ਪਾਲਣਾ ਜ਼ਰੂਰ ਕਰੋ।



- ਜੇਕਰ DSR ਡਰਿੱਲ ਦਾ ਭਾਰ ਅਤੇ ਸਾਈਜ਼ ਜ਼ਿਆਦਾ ਹੋਵੇ ਤਾਂ ਉਸ ਨੂੰ ਅਲੱਗ ਵਹੀਕਲ ਤੇ ਲੈ ਕੇ ਜਾਣਾ ਚਾਹੀਦਾ ਹੈ।
- ਇਹ ਯਕੀਨੀ ਬਣਾਓ ਕਿ ਜਿਸ ਟਰੈਕਟਰ ਤੇ DSR ਡਰਿੱਲ ਨੂੰ ਚਲਾਉਣਾ ਹੈ, ਉਸ ਟਰੈਕਟਰ ਦੀ ਭਾਰ ਚੁੱਕਣ ਦੀ ਸਮਰੱਥਾ ਉਸ DSR ਡਰਿੱਲ ਦੇ ਭਾਰ ਦੇ ਮੁਤਾਬਿਕ ਹੀ ਹੋਣੀ ਚਾਹੀਦੀ ਹੈ।
- DSR ਡਰਿੱਲ ਨੂੰ ਚਲਾਉਂਦੇ ਸਮੇਂ ਚੈਨ ਗਾਰਡ ਕਵਰ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ।



## • ਲਾਈਟ ਅਤੇ ਇੰਡੀਕੇਸ਼ਨ


- DSR ਡਰਿੱਲ ਨੂੰ ਕਦੇ ਵੀ ਪਬਲਿਕ ਰੋਡ ਉੱਪਰ ਲਿਜਾਣ ਸਮੇਂ DSR ਡਰਿੱਲ ਉੱਪਰ ਲਾਈਟ ਜਾਂ ਰਿਫਲੈਕਟਰ ਸਟਿੱਕਰ ਆਦਿ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ।



## ਸਰਵਿਸ ਸਬੰਧੀ




- DSR ਡਰਿੱਲ ਨੂੰ ਸਰਵਿਸ ਕਰਦੇ ਸਮੇ ਹੱਥਾਂ ਤੇ ਦਸਤਾਨੇ ਅਤੇ ਪੈਰਾਂ ਵਿੱਚ ਸੇਫਟੀ ਬੂਟ ਅਤੇ ਸੇਫਟੀ ਹੈਲਮਟ ਆਦਿ ਦੀ ਵਰਤੋਂ ਕਰੋ।
- DSR ਡਰਿੱਲ ਦੇ ਕਿਸੇ ਵੀ ਪਾਰਟ ਨੂੰ ਖੋਲ੍ਹਦੇ ਸਮੇਂ ਸਹੀ ਟੂਲ (ਚਾਬੀ ਪਾਨਾ) ਦੀ ਵਰਤੋਂ ਕਰੋ।
- DSR ਡਰਿੱਲ ਦੀ ਸਰਵਿਸ ਕਰਦੇ ਸਮੇਂ DSR ਡਰਿੱਲ ਨੂੰ ਪਧੱਰੀ ਅਤੇ ਸਾਫ ਸੁਥਰੀ ਜਗ੍ਹਾ ਤੇ ਰੱਖੋ।
- DSR ਡਰਿੱਲ ਦੀ ਸਰਵਿਸ ਕਰਦੇ ਸਮੇਂ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਕਰੋ। ਇਸ ਨਾਲ ਸੱਟ ਲੱਗ ਸਕਦੀ ਹੈ ਅਤੇ ਮੌਤ ਵੀ ਹੋ ਸਕਦੀ ਹੈ।



## ਰੱਖ–ਰਖਾਅ ਸਬੰਧੀ

### ਹਰ ਰੋਜ਼ ਜਾਂ 10 ਘੰਟੇ ਬਾਅਦ

- DSR ਡਰਿੱਲ ਦੇ ਸਾਰੇ ਨਟ ਅਤੇ ਬੋਲਟਾਂ ਨੂੰ ਟਾਈਟ ਕਰੋ।
- ਚੈਨ ਅਤੇ ਡਰਾਈਵ ਵ੍ਹੀਲ ਨੂੰ ਚੈੱਕ ਕਰੋ।
- ਸਾਰੇ ਬੈਰਿੰਗਾਂ ਨੂੰ ਗਰੀਸ ਦਿਓ।
- ਬੀਜ ਅਤੇ ਖਾਦ ਪਾਈਪ ਵਿੱਚ ਕੋਈ ਮਰੋੜ ਨਹੀਂ ਹੋਣਾ ਚਾਹੀਦਾ।




### ਹਫਤੇ ਜਾਂ 50 ਘੰਟੇ ਬਾਅਦ

- ਟਾਇਨਾਂ ਅਤੇ ਸਾਰੇ ਬਲੇਡਾਂ ਨੂੰ ਚੈੱਕ ਕਰੋ।
- ਪਿਸਤੌਲਾਂ ਨੂੰ ਗਰੀਸ ਦਿਓ।
- ਚੈਨ ਵਾਲੀ ਗਰਾਰੀ ਨੂੰ ਗਰੀਸ ਦਿਓ।

## बीर सिंह एंड संस के बारे में

बीर सिंह एंड संस भारत में एग्रीकल्चर इंप्लिमेंटस बनाने का काम करती है। उनका लंबे समय का तजुर्बा है कि वह अंतरराष्ट्रीय मार्किट और किसानों की जरुरत के अनुसार नई तकनीक से कृषि के उत्पाद तैयार करते हैं।

## हमारा लक्ष्य

हमारी कंपनी का लक्ष्य है कि हम अपने प्रॉडक्टस से किसानों की कृषि के ढंग तरीके को आसान करके कृषि को एक बढ़िया मुकाम तक ले कर जाना चाहते हैं ताकि हमारे किसान भाई बढ़िया और आसान तरीके से कृषि व्यवसाय कर सकें। हम किसान भाईयों से अपने प्रॉडक्टस के बारे में फीड बैक (जानकारी) खेतों में जा कर, मोबाइल कॉल या ईमेल द्वारा लेते रहते हैं ताकि हम अपने प्रॉडक्टस में और सुधार लाकर बढ़िया तकनीक वाले प्रॉडक्टस किसानों को उपलब्ध करवा सकें। इसके इलावा हमारी फर्म के सारे प्रॉडक्टस भारत सरकार की अलग अलग यूनिवर्सिटीज द्वारा टैस्ट किये हुए हैं जैसे कि :–

1 पंजाब एग्रीकल्चर यूनिवर्सिटी, (लुधियाना)
2 स्वामी विवेकानंद एग्रीकल्चर यूनिवर्सिटी बीकानेर, (राजस्थान)
3 चौधरी चरण सिंह एग्रीकल्चर यूनिवर्सिटी हिसार, (हरियाणा)

## हमारे प्रॉडक्टस

बीर सिंह एंड संस कृषि से संबंधित बहुत सारे उत्पादों का निर्माण करती है जैसे कि रोटावेटर, रोटोसीडर, कल्टीवेटर, थरैशर, लेज़र लैंड लेवलर, स्ट्रॉ रीपर, DSR ज़ीरो ड्रिल आदि।

## ग्राहकों के लिए संदेश

- हम आपका धन्यवाद करते हैं कि आपने हमारे ऊपर विश्वास करके DSR ज़ीरो ड्रिल को खरीदा है। हम ने इस DSR ड्रिल को मार्किट में लाने से पहले इसके डिज़ाइन के ऊपर, टैस्टिंग के ऊपर बहुत समय बिताया है। ताकि इसकी कार्य क्षमता आपके लिए बहुत बढ़िया हो सके।
- अगर आप इस DSR ड्रिल की कार्य क्षमता बढ़िया तरीके से चाहते हैं तो DSR ड्रिल के साथ दिए हुए मैन्युअल को ध्यान से पढें।



## ग्राहक की जिम्मेदारियां

- यह ग्राहक और चालक की जिम्मेदारी है कि इस मैन्युअल को अच्छी तरह से पढ़ लें ताकि DSR ड्रिल की अच्छी तरह से संभाल की जा सके।
- अगर आप इस मैन्युअल को ध्यान से नहीं पढोगे तो DSR ड्रिल को ठीक तरह से चलाने की जानकारी नहीं होगी और DSR ड्रिल को चलाते समय यंत्र का नुकसान भी हो सकता है और इस से चालक को चोट भी लग सकती है।

## वारंटी

DSR ड्रिल की वारंटी कंपनी द्वारा दिए गए वारंटी कार्ड के ऊपर है। अगर वारंटी कार्ड गुम हो जाता है तो (बीर सिंह एंड संस) कंपनी या उनके अधिकृत डीलर से संपर्क करें।

## मशीन के बारे में

डी.एस.आर ड्रिल (DSR DRILL) मशीन किसानो के लिए बहुत महत्वपूर्ण मशीन बन चुकी है। यह मशीन खेत में धान की सीधे बीजाई के काम आती है। इस मशीन से किसान भाइयों का खर्चा और समय दोनों की बचत होती है। यह मशीन कई साइज में बनायी जाती है जैसे के:– 11 टायन, 13 टायन।

## मुख्य पार्टस और उनकी जानकारी

1 बीज और खाद टेंक
2 बीज और खाद की मात्रा को सेट करने वाले हैंडल
3 बीज और खाद पारदर्शी प्लास्टिक पाइप
4 फ्रेम
5 टाइन
6 ग्राऊंड व्हील
7 बीज बूट
8 ट्रैक्टर के साथ जोड़ने वाली लिंक्स
9 गहराई को कम-ज्यादा करने वाले पहिये
10 बीज मीटरिंग प्लेट

## मशीन का ढांचा

- DSR ड्रिल मशीन का फ्रेम आयताकार बीम से बना हुआ होता है जिसका साइज 60x60 mm आयताकार है। बीज टैंक MS शीट का बना हुआ होता है।
- टायनों को U क्लिप की मदद से फ्रेम में फिट किया होता है जिस से लाइन टू लाइन दूरी कम ज्यादा की जा सकती है। DSR ड्रिल को ट्रैक्टर के साथ जोड़ने के लिए तीन पिन्स की लॉक असेंबली दी गयी है। जिसकी दो पिन्स नीचे और एक पिन ऊपर है, जिनकी मदद से मशीन को बराबर लेवल में रखकर चलाया जा सकता है।
- पारदर्शी प्लास्टिक पाइप्स के साथ बीज पिस्तौल को बीज बूट के साथ जोड़ा गया है।
- टायनों को U नट बोल्ट की मदद से मेन फ्रेम के साथ जोड़ा गया है जिसकी मदद से टायनों के बीच की दूरी आसानी से कम-ज्यादा की जा सकती है और जरूरत पडने पर आसानी से रिपेयर किया और बदला जा सकता है।
- DSR ड्रिल में दो बीज टैंक हैं। पहले में खाद और दूसरे में बीज डाला जाता है।
- DSR ड्रिल के साथ दो Depth Control Wheels लगाये गए हैं, जिनकी मदद से बिजाई करते समय बीज की गहराई कम ज्यादा की जा सकती है।
- बिजाई करने से पहले ट्रैक्टर की टॉप लिंक से मशीन की अगली और पिछली टायनों को एक समान (बराबर) कर लेना चाहिए।
- बीज और खाद टैंक पर लगे मात्रा सेट करने वाले हैंडल से खाद और बीज की मात्रा सेट की जा सकती है।

## ड्राइव व्हील



- ड्राइव व्हील आसानी से घूमना चाहिए। अगर वो जाम होता है तो उसको ग्रीस या तेल लगाना चाहिए। अगर वो सही तरीके से नहीं घूमता तो उसको रिपेयर करना चाहिए।
- व्हील को जोड़ने वाली साइड पत्तियां बिल्कुल सीधी होनी चाहिएं।
- ड्राइव व्हील की चैन को बोल्ट की मदद से टाइट किया जा सकता है।



## खाद और बीज पाइप



- बीज और खाद पिस्तौलों को प्लास्टिक पाइप्स द्वारा सीड बूट के साथ जोड़ा गया है।
- पाइप क्लिप द्वारा पाइप को टाइट किया हुआ होता है, ताकि पाइप नीचे न गिर सके।
- प्लास्टिक पाइप में बेंड नहीं पड़ना चाहिए, नहीं तो पाइप टूट सकता है।
- अगर पाइप टूट जाता है तो उसको बदल दें।

## सामान्य जानकारी

- DSR ड्रिल के सारे पार्टस को रंग हुआ होना चाहिए।
- DSR ड्रिल को बारिश और ज्यादा नमी से बचाकर रखना चाहिए।
- DSR ड्रिल के सारे घूमने वाले पार्टस को ग्रीस और तेल देना चाहिए ताकि लंबे समय तक मशीन का उपयोग किया जा सके।
- DSR ड्रिल को चलाने के बारे में जानकारी रखें ताकि इस यंत्र की कार्य क्षमता बढ़िया आ सके।

## बिजाई करते समय

- साफ और सूखे बीजों का उपयोग करें।
- सारे नट बोल्ट, रूलर और स्परिंगस को ध्यान से चेक करें और खराब पार्टस बदलें और नट बोल्टस को टाइट करें।
- बीज और खाद टैंक के पिस्तौल रूलर और पिस्तौल शॉफ्ट को साफ करें।
- पिस्तौल वाली शॉफ्ट आसानी से आगे पीछे होनी चाहिए, नही तो पिस्तौल टूट सकते हैं।
- चेक करें कि प्लास्टिक पाइप्स में कोई बेंड नहीं होना चाहिए। इनकी वजह से बीज और खाद गिरने में दिक्कत आ सकती है।
- फसल के मुताबिक लाइन टू लाइन की दूरी फ्रेम में टायन फिट कर लें।
- ज्यादा नम मिट्टी में बिजाई न करें। मिट्टी की नमी सही होनी चाहिए।

## DSR ड्रिल को चलाने संबंधी हिदायतें

- अगर कोई भी ऑपरेटर इस DSR ड्रिल को चलाएगा तो उसको इस DSR ड्रिल के क्रियान्वन की पूरी जानकारी का होना जरूरी है।
- सबसे पहले यह चेक कर लें कि DSR ड्रिल के सारे पार्टस सही तरीके से काम कर रहे हैं।
- तीन पिन लिंकेज़ का ही उपयोग करें, ताकि इस DSR ड्रिल को सही तरीके से दूसरी तगह ले जाने में आसानी हो।

## सुरक्षा से संबंधित हिदायतें

- जब भी आप अपने ट्रैक्टर को DSR ड्रिल के साथ जोड़ते हैं तो ट्रैक्टर और DSR ड्रिल के बीच कोई भी व्यक्ति नहीं खड़ा होना चाहिए।




- ट्रैक्टर को कभी भी अकेला चलता न छोड़ें।
- कभी भी DSR ड्रिल के नीचे हाथ या पैर न रखें।
- DSR ड्रिल को चलाते समय किसी भी बच्चे को करीब न आने दिया जाये।
- जब भी आपने DSR ड्रिल को पब्लिक रोड पर लेकर जाना है तो ज़रुरी कानूनी नियमों की पालना करें।
- अगर DSR ड्रिल का वजन और साइज़ ज्यादा हो, तो उसको अलग व्हीकल पर लेकर जाना चाहिए।



- यह यकीनी बना लें कि जिस ट्रैक्टर पर DSR ड्रिल को चलाना है, उस ट्रैक्टर की वजन उठाने की क्षमता DSR ड्रिल के वजन के अनुसार ही होनी चाहिए।
- DSR ड्रिल को चलाते समय चेन गार्ड कवर जरूर लगे होने चाहिए।

## लाईट और इंडिकेशन

- DSR ड्रिल को पब्लिक रोड़ पर लेकर जाते समय DSR ड्रिल के ऊपर लाइट या रिफ्लेक्टर स्टीकर आदि जरूर लगे होने चाहिए।





## सर्विस से संबंधित

- DSR ड्रिल की सर्विस करते समय हाथों पर दस्ताने और पैरों में सेफ्टी बूट और सेफ्टी हेल्मेट आदि का उपयोग करें।
- DSR ड्रिल के किसी भी पार्ट को खोलते समय सही टूल (चाबी पाना) का उपयोग करें।
- DSR ड्रिल की सर्विस करते समय इसे प्लेन और साफ सुथरी जगह पर रखें।
- DSR ड्रिल की सर्विस करते समय मोबाइल का उपयोग ना करें।




## देखरेख या संभाल से संबंधित बातें

### हर रोज या 10 घंटों के बाद

- DSR ड्रिल के सारे नट और बोल्टस को टाइट करें।
- चेन और ड्राइव व्हील को चेक करें।
- सारे बैरिंग्स को ग्रीस करें।
- बीज और खाद पाइप में कोई रुकावट (Bend) नहीं होना चाहिए।



### हफ्ता या 50 घंटों के बाद

- टाईनों और सारे ब्लेडस को चेक करें।
- सारे पिस्तौलों को ग्रीस करें।
- चेन वाली गरारी को ग्रीस कर दें।




DSR drill has become a very useful and important agricultural machine for the farmers. It helps them to seed the Paddy directly into the cultivated field just after the harvest of the previous crop with the least disturbance of the soil. It eliminates or reduces time and energy intensive conventional tillage operations reducing the cultivation costs and risk of Phalaris minor in Paddy apart from improving crop yields and farmer's profits. DSR drill comes in many sizes like 11 Tyne, 13 Tyne.


## MAJOR COMPONENTS AND THEIR DESCRIPTION

1. Seed Box
2. Metering plate
3. Seed tube
4. Frame
5. Tyne
6. Ground wheel
7. Seed rate adjusting lever
8. Seed cup
9. Seed boot
10. Hitch point linkage
11. Depth Control Wheel









## ABOUT MACHINE

- The DSR Drill frame is rectangular and fabricated by welding construction. Size of secure bar is 2830x60x60. Size of MS sheet, flat & angle is 800x62x10 (2 nos), for supporting seed and fertilizer box is 430x490x3 (2nos).
- With the help of U-clamp you can adjust the row spacing.
- The DSR Drill has three standard hitch points; two lower and one upper. The machine is attached to tractor through these three hitch points with the help of link pins. The top link hitch point also helps in leveling the machines.
- An Iron stand or platform is also attached to the rear side of the frame One person can either stand or sit on this Platform while the machine is in operation just to keep a watch that the seed and fertilizer are running properly through the respective plastic tubes without any blockage. This is just a precautionary measure and not a requirement per se. It may be mentioned that this practice enables the sitting person to remove the raked residues as well. Therefore, it is advisable if this practice is followed.



- Furrow openers are attached to main frame with the help of nuts/bolts. The furrow openers wear out or twist very fast. Therefore, these should be repaired frequently. The worn-out ones should be removed/replaced as and when required.
- There are two Box 1st is for seed and 2nd is for Fertilizer which is attached with the frame.
- There is a depth control wheel; by this we can adjust the height of machine working.
- Before sowing, the front and rear tines should be in same horizontal plane, this leveling of tines can be done by adjusting top link of tractor.
- Metering plate, is set on both boxes ‘seed & fertilizer box’. By this we can set the seed and fertilizer capacity.

## PLANTING OPERATIONS

*Following points must be kept in mind before actual planting operation :*

- Seed should be of good quality and free from dirt and dust.
- All the nuts and bolts, rollers and springs should be thoroughly checked, defective parts should be replaced and nuts/bolts properly tightened.
- Seed and fertilizer boxes, fluted rollers, fertilizer metering shaft should be thoroughly cleaned.
- Fluted roller shaft should move freely, otherwise the rollers may be broken.
- Feed cups should be thoroughly cleaned and obstruction if any, must be removed.
- Ensure that plastic pipes do not have excessive bend. This will block the free flow of seed and fertilizer in tubes.
- Furrow openers should be fitted on the frame according to the requirement (row to row distance) of the crop. There should be no crossing or twisting of furrow openers.
- Fill the seed and fertilizer boxes and calibrate the machine. Ensure that seed drill is set at desired seed and fertilizer rates. This will ensure proper

metering of seed and fertilizers and result in excellent germination, good crop stand and higher yield.

- Conversely, DSR Drill machine does not work well in fields where moisture levels are too high.

## MAINTENANCE AND REPAIR

- A well maintained and properly adjusted seeding machine gives trouble-free service for a long time. It also helps in timely completion of operations.
- The following important points may be kept in mind for the maintenance and repair of various components of the seeding machines.

## SEED AND FERTILIZER BOXES

The boxes should be thoroughly cleaned as these may rust very fast due to environmental moisture. This will damage the boxes, and machine will not be useful for the next crop sowing season. The boxes must be cleaned as under :

- Raise the machine above ground so that the drive wheels move freely.
- Remove seed and fertilizer from boxes.
- Open the flow gates of seed and fertilizer cups.
- Rotate the drive wheel till the seed and fertilizer from different seed and fertilizer cups are emptied.
- Clean the boxes, and cups with the help of a cloth or brush.
- Wash the machine rollers/seed/fertilizer boxes with diesel to avoid rusting. Apply lubricating oil at appropriate places (bushes and sides of metering rollers).

## DRIVE WHEEL



- Drive wheel should move freely. If it is jammed, then apply grease or put oil in its bushes. If axle of wheel is bent or worn out, replace it.
- Drive wheel should be round, if it is bent then repair it.
- Sprockets of drive wheel and feed shafts (seed and fertilizer boxes) should be properly aligned.
- All sprockets should be properly tightened on their shafts so that these may not move freely on these shafts.




- Feed shafts should move freely. If these are jammed due to rusting, then clean and apply lubricating oil/grease in the bushes.
- Bent drive shafts should be repaired or replaced.
- Seed and fertilizer boxes should be thoroughly cleaned for free movement of feed shafts.
- Chain and idler sprocket should be properly tightened so that proper chain tension is maintained and mechanism moves freely.
- Worn out parts, loose, broken and worn out bushes should be replaced.

## SEED AND FERTILIZER TUBES



- These are mostly plastic tubes connected to seed/fertilizer cups and their lower ends are connected to seed boots.
- Tubes should be connected to seed/fertilizer cups with the help of clamps so that these may not come out during field operation.
- Tubes should be protected from bending and breakage.
- Old/bent tubes should be replaced.
- Excessive bend in the tubes should be avoided otherwise the bend will cause obstruction in free flow of seed/fertilizer and results in non-uniform



## FURROW OPENERS


- Furrow openers are attached to main frame with the help of nuts/bolts. The furrow openers wear out or twist very fast. Therefore, these should be repaired frequently. The worn-out ones should be removed/replaced as and when required.

## GENERAL INSTRUCTIONS

- All the components of the machine should be painted.
- Machine should be protected from rain, dirt and dust etc. during its storage.
- Moving parts should be greased/oiled at regular intervals so that the

machine gives a trouble free service for a long time.

- User's training will lead to improvement in the performance of the machines.



## SAFETY INSTRUCTIONS

- Don't wear loose clothing or muffler to avoid from being caught in a control lever or rotating part.
- Never bring a child close to the tractor.
- Children or people who have no knowledge of the operator's manual and the safety labels on the DSR Drill are not allowed to operate the DSR Drill.
- People who are physically unfit or otherwise not able to operate the DSR Drill, are not allowed to operate the DSR Drill.
- People under the influence of alcohol.
- Pregnant women, tired people are not allowed.
- People under 16 years of age are not allowed to use the DSR Drill.
- Please do not touch any rotating parts of machine while it's working.
- Please check all the bolts and nuts regularly.
- Before using the machine, please replace lost or damaged parts.
- Do not allow anyone to remain between the tractor and the unit, while it is being coupled or uncoupled. Likewise, do not stand between the tractor and the DSR Drill.





## LIGHTS AND INDICATIONS

- Before transporting the machine on public roads, ensure that all legally required lights and indicators are in place. Ensure that lights and indicators are clean and in a good working order. Replace any missing or broken equipment.





## DO NOT STEP ON MACHINE

- Please never step on the machine, it may risk of falling or damage device.
- Children as well as old age people, are not allowed near the working area.




## PRECAUTIONS WHEN DRIVING ON PUBLIC ROADS

### Dimensions

Depending on the dimensions of the machine, the relevant authorities to ensure that it can be legally transported on public roads.

If the machine is over and maximum legal size, follow the local regulation for special transport of oversize equipment.




## PRECAUTIONS TO TAKE, BEFORE USING THE MACHINE

Wear the appropriate protective clothing for the work in hand (gloves, shoes, goggles, helmet, ear- protector etc.)


Before operating the machine, ensure that all the safety guards are firmly in place and in good condition. Immediately replace any worm or damage guard.




Safety is the first; please do not compromise with safety, while working on machine, because it can cause major injuries or death. So always be aware about the safety instructions.

## DAILY OR EVERY 10 HOURS WORK

- Tighten all bolts and nuts
- Check the Chain & its Drive wheel
- Grease all Bearings.There should be no bend on seed and fertilizer tubes.



## WEEKLY OR EVERY 50 HOURS WORK




- Oil/grease to the feeders
- Oil/grease idler sprocket
- Check the tyne and its blade

## BEFORE OPERATION


The primary responsibility for safety with this equipment, falls to the operator. Make sure the equipment is operated only by trained individuals, that have read and understand this manual. If there is any portion of this manual or function you do not understand, contact your local authorized dealer or the manufacturer.

## AFTER OPERATION

- Machine should be properly cleaned after operation.
- Wash all moving parts, Seed and Fertilizer Box at the end of the season.
- Store the machine on a solid surface in a cool and dry place.




## DEPTH CONTROL WHEEL ASSEMBLY



| ITEM NO | PART NO | DESCRIPTION | QTY |
|---|---|---|---|
| 1 | 300801 | DEPTH WHEEL | 2 |
| 2 | 300802 | SIDE PLATE | 2 |
| 3 | 300803 | NUT | 1 |
| 4 | 300804 | OIL SEAL | 2 |
| 5 | 300805 | PIN-1 | 1 |
| 6 | 300806 | MTG. PLATE | 2 |
| 7 | BEA6204 | BEARING6204 | 4 |
| 8 | 300807 | BUSH | 4 |
| 9 | 300808 | AXLE | 2 |
| 10 | 300809 | PIN-2 | 4 |

# DRIVE WHEEL ASSEMBLY


| ITEM NO. | PART NUMBER | DESCRIPTION | QTY. |
|---|---|---|---|
| 1 | 300501 | WHEEL | 1 |
| 2 | 300502 | MTG. PLATE | 2 |
| 3 | 300503 | AXLE | 1 |
| 4 | BEA6204 | BEARING6204 | 2 |
| 5 | 300505 | BUSH | 2 |
| 6 | 300806 | MTG. PLATE | 2 |
| 7 | 300507 | OIL SEAL | 2 |







# FEEDER ASSEMBLY

| ITEM NO. | PART NUMBER | DESCRIPTION | QTY. |
|---|---|---|---|
| 1 | 300111 | MAIN ROD | 2 |
| 2 | 300112 | ROTOR BUSH | 30 |
| 3 | 300113 | OUTER BODY | 30 |
| 4 | 300114 | GRARI | 30 |
| 5 | 300115 | FEEDER RING | 30 |
| 6 | 300116 | COVER WASHER | 30 |
| 7 | BM8-020 | BOLT | 90 |



# SEED & FERTILIZER TANKY ASSEMBLY

| ITEM NO | PART NO | DESCRIPTION | QTY. |
|---|---|---|---|
| 1 | 300701 | SIDE PLATE-RH | 1 |
| 2 | 300702 | SIDE PLATE -LH | 1 |
| 3 | 300703 | TANKY COVER | 1 |
| 4 | 300704 | TANKY | 1 |








# SIDE SPROCKET & CHAIN ASSEMBLY

| ITEM NO. | PART NUMBER | DESCRIPTION | QTY. |
|---|---|---|---|
| 1 | 300500 | DRIVE WHEEL ASSY | 1 |
| 2 | 3007001 | DRIVE CHAIN | 1 |
| 3 | 3007002 | CHAIN COVER | 1 |
| 4 | 3007003 | SPROCKET 20T | 1 |
| 5 | BEA6205 | BEARING6205 | 2 |
| 6 | 300500 | DRIVE SHAFT | 1 |
| 7 | BM10-035 | BOLT10X35 | 4 |
| 8 | WSH002 | NUT10M | 4 |
| 9 | 3007004 | SPROCKET 10 T | 1 |

| ITEM NO. | PART NUMBER | DESCRIPTION | QTY. |
|---|---|---|---|
| 10 | BM10-030 | BOLT10X30 | 3 |
| 11 | WSH002 | WASHER 10M | 3 |
| 12 | 3007005 | SIDE COVER | 1 |
| 13 | 3007006 | DRIVE CHAIN | 1 |
| 14 | 3007007 | SPROCKET 30 T | 2 |
| 15 | BEA6205 | BEARING6205 | 1 |
| 16 | 3007008 | SPROCKET 16 T | 1 |
| 17 | 3007009 | MOUNTING PLATE | 1 |
| 18 | 3007010 | CIRCLIP 35 | 1 |





| ITEM NO. | PART NUMBER | DESCRIPTION | QTY. |
| --- | --- | --- | --- |
| 1 | 300100 | DRILL BASE FRAME | 1 |
| 2 | 300700 | TYNE ASSEMBLY | 15 |
| 3 | 300701 | U BOLT | 15 |
| 4 | 300702 | BOLT | 30 |



PAMMI
AGRICULTURAL EQUIPMENTS

PAMMI SINCE 1972

## Note

PAMMI
AGRICULTURAL EQUIPMENTS

SINCE 1972

Note

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................

................................................................



PAMMI
AGRICULTURAL EQUIPMENTS

SINCE 1972

# WARRANTY CARD

## COMPANY COPY

Product Name________________________________

Serial No.________________________________

Date of purchase________________________________

Warranty Card No.________________________________

Warranty Start Date________________________________

Warranty Date End________________________________

Dealer Name ________________________________

Dealer Code________________________________

Name & Address of Customer________________________________

________________ Customer Mobile No.________________

**Customer Sign.** **Authorized/Dealer**

Note: Product warranty will be for 15 months only

PAMMI AGRICULTURAL EQUIPMENTS

SINCE 1972

## The Warranty Conditions for the customer of Bir Singh & Sons Products are mentioned below:-

- Bir Singh & Sons gives warranty of its products for Fifteen (15) Months and will replace parts in Factory/Authorized Service Station.
- This warranty does not cover the cost of packaging to and from freight and transportation charges.
- The warranty shall not apply to implements or parts which have been subject to negligence, accident or that have been altered or repaired or used with non genuine parts.
- The farmer will strictly follow the instructions given in instructional manual provided by the company at the time of delivery. This warranty will automatically terminate on the expiry of warranty period of 15 months.
- The company will make every effort to carry out repairs/replacements of parts under this warranty as soon as possible.
- The defective parts which have been agreed to be replaced to the company without any further claim.

## This warranty shall not apply to the following:

- Paint
- Bearings
- Rubber parts
- Fasteners
- Blades
- Cardan Shaft and Universal cross joints

PAMMI AGRICULTURAL EQUIPMENTS

SINCE 1972

# WARRANTY CARD

## CUSTOMER COPY

Product Name ______________________

Serial No. ______________________

Date of purchase ______________________

Warranty Card No. ______________________

Warranty Start Date ______________________

Warranty Date End ______________________

Dealer Name ______________________

Dealer Code ______________________

Name & Address of Customer ______________________

______________________ Customer Mobile No. ______________________

**Customer Sign.** **Authorized/Dealer**

Note: Product warranty will be for 15 months only

PAMMI
SINCE 1972

**PAMMI**
AGRICULTURAL EQUIPMENTS

## The Warranty Conditions for the customer of Bir Singh & Sons Products are mentioned below:-

- Bir Singh & Sons gives warranty of its products for Fifteen (15) Months and will replace parts in Factory/Authorized Service Station.
- This warranty does not cover the cost of packaging to and from freight and transportation charges.
- The warranty shall not apply to implements or parts which have been subject to negligence, accident or that have been altered or repaired or used with non genuine parts.
- The farmer will strictly follow the instructions given in instructional manual provided by the company at the time of delivery. This warranty will automatically terminate on the expiry of warranty period of 15 months.
- The company will make every effort to carry out repairs/replacements of parts under this warranty as soon as possible.
- The defective parts which have been agreed to be replaced to the company without any further claim.

## This warranty shall not apply to the following:

- Paint
- Bearings
- Rubber parts
- Fasteners
- Blades
- Cardan Shaft and Universal cross joints

**PAMMI**
AGRICULTURAL EQUIPMENTS

PAMMI
SINCE 1972

# WARRANTY CARD

## DEALER COPY

Product Name ____________________

Serial No. ____________________

Date of purchase ____________________

Warranty Card No. ____________________

Warranty Start Date ____________________

Warranty Date End ____________________

Dealer Name ____________________

Dealer Code ____________________

Name & Address of Customer ____________________

____________________ Customer Mobile No. ____________________

**Customer Sign.** **Authorized/Dealer**

Note: Product warranty will be for 15 months only

PAMMI
AGRICULTURAL EQUIPMENTS

SINCE 1972

## The Warranty Conditions for the customer of Bir Singh & Sons Products are mentioned below:-

- Bir Singh & Sons gives warranty of its products for Fifteen (15) Months and will replace parts in Factory/Authorized Service Station.
- This warranty does not cover the cost of packaging to and from freight and transportation charges.
- The warranty shall not apply to implements or parts which have been subject to negligence, accident or that have been altered or repaired or used with non genuine parts.
- The farmer will strictly follow the instructions given in instructional manual provided by the company at the time of delivery. This warranty will automatically terminate on the expiry of warranty period of 15 months.
- The company will make every effort to carry out repairs/replacements of parts under this warranty as soon as possible.
- The defective parts which have been agreed to be replaced to the company without any further claim.

## This warranty shall not apply to the following:

- Paint
- Bearings
- Rubber parts
- Fasteners
- Blades
- Cardan Shaft and Universal cross joints

PAMMI
AGRICULTURAL EQUIPMENTS

SINCE 1972

## Points to be checked during delivery of Pammi DSR Drill

Date____________________ Time________________AM/PM

Name____________________ S/o____________________Village____________________

Serial Number______________________ Bill/Invoice No.__________________________

| S.No | Detail | Yes or No | |
|---|---|---|---|
| 1 | Tool Kit | Yes ☐ | No ☐ |
| 2 | PTO Shaft With Cover | Yes ☐ | No ☐ |
| 3 | Gear Oil | Yes ☐ | No ☐ |
| 4 | Stickers | Yes ☐ | No ☐ |
| 5 | Side Gear Oil | Yes ☐ | No ☐ |
| 6 | Seed & Fertilizer Box Cover | Yes ☐ | No ☐ |
| 7 | Seed & Fertilizer Pipes/Tubes | Yes ☐ | No ☐ |
| 8 | Flails/Blade | Yes ☐ | No ☐ |
| 9 | Side Disc | Yes ☐ | No ☐ |
| 10 | Side Cover | Yes ☐ | No ☐ |
| 11 | Handle Rubber Cover | Yes ☐ | No ☐ |
| 12 | Big and Small Teeth/Skid | Yes ☐ | No ☐ |
| 13 | Linkage Pins | Yes ☐ | No ☐ |
| 14 | Seed & Fertilizer metering device | Yes ☐ | No ☐ |
| 15 | All Bolts and Nuts are tight | Yes ☐ | No ☐ |
| 16 | Operator Manual Cum Parts Catalogue | Yes ☐ | No ☐ |

## COMPANY COPY

**Customer Sign.** **Authorized/Dealer**

PAMMI

AGRICULTURAL EQUIPMENTS

SINCE 1972

## Points to be checked during delivery of Pammi DSR Drill

Date____________________ Time________________AM/PM

Name____________________ S/o____________________Village____________________

Serial Number____________________ Bill/Invoice No.____________________

| S.No | Detail | Yes or No | |
|---|---|---|---|
| 1 | Tool Kit | Yes ☐ | No ☐ |
| 2 | PTO Shaft With Cover | Yes ☐ | No ☐ |
| 3 | Gear Oil | Yes ☐ | No ☐ |
| 4 | Stickers | Yes ☐ | No ☐ |
| 5 | Side Gear Oil | Yes ☐ | No ☐ |
| 6 | Seed & Fertilizer Box Cover | Yes ☐ | No ☐ |
| 7 | Seed & Fertilizer Pipes/Tubes | Yes ☐ | No ☐ |
| 8 | Flails/Blade | Yes ☐ | No ☐ |
| 9 | Side Disc | Yes ☐ | No ☐ |
| 10 | Side Cover | Yes ☐ | No ☐ |
| 11 | Handle Rubber Cover | Yes ☐ | No ☐ |
| 12 | Big and Small Teeth/Skid | Yes ☐ | No ☐ |
| 13 | Linkage Pins | Yes ☐ | No ☐ |
| 14 | Seed & Fertilizer metering device | Yes ☐ | No ☐ |
| 15 | All Bolts and Nuts are tight | Yes ☐ | No ☐ |
| 16 | Operator Manual Cum Parts Catalogue | Yes ☐ | No ☐ |

## CUSTOMER COPY

**Customer Sign.** **Authorized/Dealer**

PAMMI
AGRICULTURAL EQUIPMENTS

SINCE 1972

## Points to be checked during delivery of Pammi DSR Drill

Date____________________ Time________________AM/PM

Name____________________ S/o____________________Village___________________

Serial Number_____________________ Bill/Invoice No.__________________________

| S.No | Detail | Yes or No | |
|---|---|---|---|
| 1 | Tool Kit | Yes ☐ | No ☐ |
| 2 | PTO Shaft With Cover | Yes ☐ | No ☐ |
| 3 | Gear Oil | Yes ☐ | No ☐ |
| 4 | Stickers | Yes ☐ | No ☐ |
| 5 | Side Gear Oil | Yes ☐ | No ☐ |
| 6 | Seed & Fertilizer Box Cover | Yes ☐ | No ☐ |
| 7 | Seed & Fertilizer Pipes/Tubes | Yes ☐ | No ☐ |
| 8 | Flails/Blade | Yes ☐ | No ☐ |
| 9 | Side Disc | Yes ☐ | No ☐ |
| 10 | Side Cover | Yes ☐ | No ☐ |
| 11 | Handle Rubber Cover | Yes ☐ | No ☐ |
| 12 | Big and Small Teeth/Skid | Yes ☐ | No ☐ |
| 13 | Linkage Pins | Yes ☐ | No ☐ |
| 14 | Seed & Fertilizer metering device | Yes ☐ | No ☐ |
| 15 | All Bolts and Nuts are tight | Yes ☐ | No ☐ |
| 16 | Operator Manual Cum Parts Catalogue | Yes ☐ | No ☐ |

## DEALER COPY

**Customer Sign.** **Authorized/Dealer**

# PAMMI

AGRICULTURAL EQUIPMENTS

SINCE 1972



ROTO SEEDER



MULTI CROP PLANTER



HAPPY SEEDER



MULTI CROP RIDGE PLANTER



MAIZE DEHUSKER



MULTICROP THREASHER



DISC ZINDA



ROTAVATOR



ZERO TILL SEED
CUM FERTILIZER DRILL